ਸੱਖਣੇਪਣ ਦੇ ਪ੍ਰਸੰਗ 'ਚ

# ਗੁਰਸ਼ਰਨ ਸਿੰਘ, ਪਲਸ ਮੰਚ ਅਤੇ ਵਕਤ ਦੀ ਲੋੜ

ਅਮੋਲਕ ਸਿੰਘ

ਗੁਰਸ਼ਰਨ ਭਾਅ ਜੀ ਦੇ ਨਾਲ 40 ਵਰ੍ਹਿਆਂ ਦਾ ਲੰਮਾ ਸਫ਼ਰ। ਅੱਗ ਦੇ ਦਰਿਆਵਾਂ ਦਾ ਸਫ਼ਰ। ਸਾਗਰ ਦੀ ਵਿਸ਼ਾਲਤਾ ਤੋਂ ਕਿਤੇ ਵਿਸ਼ਾਲ। ਸਾਗਰ ਦੀ ਗਹਿਰਾਈ ਤੋਂ ਕਿਤੇ ਗਹਿਰਾ ਸਫ਼ਰ। ਉੱਚੇ ਪਹਾੜਾਂ, ਡੂੰਘੀਆਂ ਘਾਟੀਆਂ ਅਤੇ ਉੱਬੜ-ਖਾਬੜ ਰਾਹਾਂ ਦਾ ਸਫ਼ਰ। ਮੌਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਸੰਗਰਾਮੀ ਰਾਹਾਂ 'ਤੇ ਬਸ ਤੁਰਦੇ ਜਾਣ ਦਾ ਸਫ਼ਰ। ਇਸ ਧਰਤੀ ਨੂੰ ਹਰ ਪੱਖੋਂ ਆਜ਼ਾਦ, ਖੁਸ਼ਹਾਲ, ਬਰਾਬਰੀ ਭਰੀ ਅਤੇ ਲੋਕ-ਗੀਤ ਵਰਗੀ ਸਿਰਜਣ ਲਈ ਜੂਝਦੇ ਸੂਰਜਾਂ ਦੇ ਹਮਸਫ਼ਰਾਂ ਦਾ ਸਫ਼ਰ। ਕੁਝ ਹਮਰਾਹੀਆਂ ਦੇ ਥੱਕਣ, ਟੁੱਟਣ, ਬੈਠਣ-ਉੱਠਣ ਦਾ ਸਫ਼ਰ। ਲੋਕ-ਮੁਕਤੀ ਦੀ ਮਸ਼ਾਲ ਲੈ ਕੇ ਨਿਕਲੇ ਮਸ਼ਾਲਚੀਆਂ ਦੀਆਂ ਸ਼ਹਾਦਤਾਂ ਦਾ ਸਫ਼ਰ।

ਮੈਂ ਵੀ ਬੀਤੇ ਚਾਰ ਦਹਾਕਿਆਂ ਤੋਂ ਗੁਰਸ਼ਰਨ ਭਾਅ ਜੀ ਦਾ ਇਕ ਨਿਮਾਣਾ ਜਿਹਾ ਕਾਮਾ-ਸਾਥੀ ਹਾਂ। ਮੇਰੀ ਜ਼ਿੰਦਗੀ ਦਾ ਇਹ ਮਾਣ-ਮੱਤਾ ਸਫ਼ਰ, ਮੈਨੂੰ ਹਮੇਸ਼ਾਂ ਨਵੀਂ ਨਰੋਈ ਊਰਜਾ, ਗਤੀ, ਦਿਸ਼ਾ, ਪ੍ਰਤੀਬੱਧਤਾ ਅਤੇ ਨਿਹਚਾ ਪ੍ਰਦਾਨ ਕਰਦਾ ਰਹੇਗਾ। ਮੈਂ ਵੀ ਅਨੇਕਾਂ ਉਨ੍ਹਾਂ ਦੇ ਸੰਗ ਬਾਂਹ ਖੜ੍ਹੀ ਕਰ ਸਕਦਾ ਹਾਂ ਅਤੇ ਕਹਿ ਸਕਦਾ ਹਾਂ ਕਿ ਅਸੀਂ ਗੁਰਸ਼ਰਨ ਭਾਅ ਜੀ ਵਰਗੀ ਬਹੁ-ਪੱਖੀ ਸ਼ਖ਼ਸੀਅਤ ਦੀ ਬੁੱਕਲ ਦਾ ਨਿੱਘ ਮਾਣਿਆ ਹੈ। ਉਨ੍ਹਾਂ ਦੇ ਅੰਗ-ਸੰਗ ਰਹਿ ਕੇ ਆਪਣੇ ਹਿੱਸੇ ਦੀ ਮੋਮਬੱਤੀ ਬਲਦੀ ਰੱਖਣ ਦਾ ਬਣਦਾ ਫ਼ਰਜ਼ ਅਦਾ ਕੀਤਾ ਹੈ। ਸਾਡੀ ਜ਼ਿੰਦਗੀ ਦਾ ਇਹ ਗੌਰਵਮਈ ਸਫ਼ਾ ਹੈ ਕਿ ਅਸੀਂ ਗੁਰਸ਼ਰਨ ਭਾਅ ਜੀ ਦੇ ਸਮਿਆਂ 'ਚ ਆਪਣੀ ਲੋਕਾਈ ਨੂੰ ਹਨੇਰੀਆਂ ਗੁਫ਼ਾਵਾਂ 'ਚੋਂ ਕੱਢ ਕੇ ਚਾਨਣੀ ਦੀ ਰੁੱਤ ਵੱਲ ਲਿਜਾਣ ਲਈ ਕਦਮ ਸੰਗ ਕਦਮ ਮਿਲਾ ਕੇ ਭਰਦਿਆਂ ਆਪਦੇ ਫ਼ਰਜ਼ਾਂ ਦੀ ਪਹਿਚਾਣ ਕੀਤੀ ਹੈ।

ਜੇ ਚਾਰ ਦਹਾਕਿਆਂ ਦੇ ਸਫ਼ਰ ਦੀਆਂ ਅਮੁੱਲੀਆਂ ਅਤੇ ਪ੍ਰੇਰਨਾਦਾਇਕ ਪੈੜਾਂ ਦੀ ਨਿਸ਼ਾਨਦੇਹੀ ਕਰਨ ਲੱਗਿਆਂ ਇਕ ਵਰ੍ਹੇ ਦੇ ਨਾਂਅ ਇਕ ਸਫ਼ਾ ਵੀ ਕਰੀਏ ਤਾਂ ਵੀ 40 ਸਫ਼ੇ ਬਣਦੇ ਹਨ। ਖ਼ੈਰ! ਇਹ ਕੰਮ ਕਿਸੇ ਅਗਲੀ ਕਾਰਜ-ਵਿਉਂਤ ਦੇ ਜ਼ਿੰਮੇ ਛੱਡਦੇ ਹਾਂ। ਇਥੇ ਚੰਦ ਸਫ਼ਿਆਂ 'ਤੇ ਸਬੰਧਤ ਪਹਿਲੂ ਬਾਰੇ ਹੀ ਚਰਚਾ ਸਾਂਝੀ ਕਰਦੇ ਹਾਂ।

70 ਵਿਆਂ ਦੇ ਦੌਰ 'ਚ ਮੁਲਕ ਭਰ 'ਚ ਕਮਿਊਨਿਸਟ ਇਨਕਲਾਬੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਦੀ ਕਹਾਣੀ ਰਚ ਕੇ ਮਾਰ-ਮੁਕਾਉਣ ਦਾ ਘਿਨੌਣਾ ਫਾਸ਼ੀ ਹੱਲਾ ਵਿੱਢਿਆ ਗਿਆ। ਮੁਲਕ ਦੇ ਸਮੂਹ ਹਾਕਮ ਧੜੇ ਅਤੇ ਉਨ੍ਹਾਂ ਦੇ ਦਰਬਾਰ 'ਚ ਸੇਵਾ ਲਈ ਚੌਂਕੀ ਭਰਦੇ ਰਾਜਨੀਤਕ ਦਲ ਅਜਿਹੇ ਫਾਸ਼ੀ ਵਰਤਾਰੇ ਦੇ ਪੱਖ 'ਚ ਇਕੋ ਕਤਾਰ 'ਚ ਖੜ੍ਹੇ ਦਿਸ ਰਹੇ ਸਨ।

ਅਜਿਹੇ ਕਾਲ਼ੇ ਬੋਲ਼ੇ ਝੱਖੜਾਂ ਦੇ ਦੌਰ 'ਚ ਜਿਵੇਂ ਸੰਵੇਦਨਸ਼ੀਲ ਅਤੇ ਸਮਾਜਕ ਸਰੋਕਾਰਾਂ ਨਾਲ ਜੁੜੇ ਬੁੱਧੀਜੀਵੀਆਂ ਨੇ ਆਪਣੀ ਭੂਮਿਕਾ ਦੀ ਪਹਿਚਾਣ ਕੀਤੀ ਉਨ੍ਹਾਂ 'ਚ ਕਹਾਣੀ ਦੇ ਖੇਤਰ 'ਚ ਹੋਰਨਾਂ ਜ਼ਿਕਰਯੋਗ ਕਲਮਕਾਰਾਂ ਦੇ ਨਾਲ ਮਹਾਸ਼ਵੇਤਾ ਦੇਵੀ ਅਤੇ ਨਾਟਕਕਾਰ ਗੁਰਸ਼ਰਨ ਸਿੰਘ ਦਾ ਨਾਂਅ ਸਭ ਤੋਂ ਅਗਲੀ ਕਤਾਰ 'ਚ ਆਉਂਦਾ ਹੈ। ਉਸ ਕਾਲ਼ੇ ਦੌਰ ਅੰਦਰ ਭਾਅ ਜੀ ਗੁਰਸ਼ਰਨ ਸਿੰਘ ਨੇ 'ਤੂੰ ਖ਼ੁਦਕੁਸ਼ੀ ਕਰੇਂਗਾ, ਅਸੀਂ ਸ਼ਹੀਦ ਹੋਵਾਂਗੇ' ਨਾਟਕ ਖੇਡਿਆ। ਰੰਗਮੰਚ ਦੇ ਖੇਤਰ 'ਚ ਇਹ ਆਪਣੇ ਆਪ 'ਚ ਇਕ ਮੀਲ-ਪੱਥਰ ਸੀ। ਜਦੋਂ ਕਮਿਊਨਿਸਟ ਇਨਕਲਾਬੀਆਂ ਦੇ ਪੱਖ 'ਚ ਅਜਿਹੀ ਬੁਲੰਦ ਆਵਾਜ਼ 'ਚ ਨਾਟਕੀ ਵਿਧਾ ਰਾਹੀਂ ਗੁਰਸ਼ਰਨ ਸਿੰਘ ਨੇ ਝੂਠੇ ਮੁਕਾਬਲਿਆਂ ਦੇ ਪਰਪੰਚ ਦੇ ਚੀਥੜੇ ਉਡਾ ਕੇ ਰੱਖ ਦਿੱਤੇ ਤਾਂ ਉਸ ਫਾਸ਼ੀ ਹੱਲੇ ਅੱਗੇ ਖੜ੍ਹੇ ਹੋਣਾ ਆਪਣੇ ਆਪ 'ਚ ਇਕ ਇਤਿਹਾਸਕ ਭੂਮਿਕਾ ਸੀ।

ਇਨ੍ਹਾਂ ਸਮਿਆਂ 'ਚ ਕਿਸੇ ਦੇ ਘਰੋਂ ਜਾਂ ਬੈਗ ਵਿਚੋਂ ਕੋਈ ਇਨਕਲਾਬੀ ਸਾਹਿਤਕ ਰਚਨਾ ਦਾ ਫੜਿਆ ਜਾਣਾ ਵੀ ਹਾਕਮਾਂ ਦੀ ਨਜ਼ਰ 'ਚ ਮਹਾਂ-ਅਪਰਾਧ ਸੀ। ਸੀਖਾਂ ਪਿੱਛੇ ਕਿਸੇ ਵੀ ਜਾਗਦੀ ਜ਼ਮੀਰ ਵਾਲੇ ਸੱਜਣ ਨੂੰ ਐਨੀ ਗੱਲ 'ਤੇ ਹੀ ਡੱਕਿਆ ਜਾਂਦਾ ਸੀ। ਜਦੋਂ ਕਵਿਤਾ, ਕਹਾਣੀ, ਨਾਟਕ, ਗੀਤ, ਰਸਾਲੇ ਆਦਿ ਦੀ ਪ੍ਰਕਾਸ਼ਨਾ ਕਰਨਾ ਅਤੇ ਕਿਸੇ ਕੋਲੋਂ 'ਬਰਾਮਦ' ਹੋ ਜਾਣਾ ਹਾਕਮਾਂ ਲਈ ਕਿਸੇ ਵੀ 'ਹਥਿਆਰ' ਨਾਲੋਂ ਘੱਟ ਨਹੀਂ ਸੀ ਉਸ ਮੌਕੇ ਗੁਰਸ਼ਰਨ ਭਾਅ ਜੀ ਨੇ ਬੁਲੰਦ ਆਵਾਜ਼ 'ਚ ਕਿਹਾ ਕਿ ਅਜੋਕੇ ਹਾਕਮਾਂ ਵੱਲੋਂ ਇਉਂ ਮੁਕਾਬਲਿਆਂ ਦਾ ਨਾਟਕ ਰਚ ਕੇ ਮਾਰੇ ਜਾ ਰਹੇ ਰੌਸ਼ਨ ਦਿਮਾਗ ਗੱਭਰੂ ਅਤੇ ਬਾਬਾ ਬੂਝਾ ਸਿੰਘ ਵਰਗੇ ਬਜ਼ੁਰਗ ਸਾਡੇ ਸਮਿਆਂ ਦੇ ਬੱਬਰ ਅਕਾਲੀ, ਗਦਰੀ ਬਾਬੇ, ਭਗਤ-ਸਰਾਭੇ ਅਤੇ ਚੰਦਰ ਸ਼ੇਖ਼ਰ ਆਜ਼ਾਦ ਹਨ। ਉਹ ਨਾਟਕ ਦੀ ਪੇਸ਼ਕਾਰੀ ਤੋਂ ਪਹਿਲਾਂ ਦਲੇਰੀ ਨਾਲ ਕਿਹਾ ਕਰਦੇ ਕਿ ਅੰਗਰੇਜ਼ੀ ਹਾਕਮਾਂ ਦੇ ਰਾਜ ਅੰਦਰ ਵੀ ਦੇਸ਼ ਭਗਤਾਂ, ਇਨਕਲਾਬੀਆਂ ਦੇ ਮੁਕਾਬਲੇ ਤਾਂ ਪੜ੍ਹੇ-ਸੁਣੇ ਹਨ। ਅਜੋਕੇ ਹੁਕਮਰਾਨ ਤਾਂ ਸਾਰੀਆਂ ਹੱਦਾਂ ਟੱਪ ਗਏ। ਇਹ ਕੇਹੀ ਜਮਹੂਰੀਅਤ ਹੈ? ਇਹ ਕੇਹਾ ਕਾਨੂੰਨ ਹੈ ਜਿੱਥੇ ਜੱਜ ਅਤੇ ਜਲਾਦ ਆਪੇ ਹੀ ਪੁਲਿਸ ਅਧਿਕਾਰੀ ਬਣ ਬੈਠੇ ਹਨ??

ਮੋਗਾ ਗੋਲੀ ਕਾਂਡ ਨੇ 1972 ਦੀ ਚੜ੍ਹਦੀ ਜੁਆਨੀ ਨੂੰ ਨਵੇਂ ਵਿਚਾਰਾਂ, ਆਦਰਸ਼ਾਂ, ਸੁਪਨਿਆਂ ਦੇ ਰੰਗ 'ਚ ਰੰਗ ਦਿੱਤਾ। ਝੂਠੇ ਪੁਲਿਸ ਮੁਕਾਬਲਿਆਂ ਕਾਰਨ ਸੀਨਿਆਂ 'ਚ ਬਾਰੂਦ ਨੱਪੀ ਬੈਠੇ ਪੰਜਾਬ ਨੇ ਅੰਗੜਾਈ ਭਰੀ। ਮੋਗੇ ਦੇ ਰੀਗਲ ਸਿਨੇਮੇ ਨਾਲ ਜੁੜ ਕੇ ਅਤੇ ਕਿੰਨੇ ਹੀ ਹੋਰ ਵਿਦਿਆਰਥੀ-ਲੋਕ ਮਸਲਿਆਂ ਨਾਲ ਜੁੜ ਕੇ ਉੱਠੀ ਵਿਦਿਆਰਥੀ ਲਹਿਰ ਨੂੰ ਗੋਲੀਆਂ ਦੀ ਵਾਛੜ ਨਾਲ ਖ਼ਾਮੋਸ਼ ਕਰਨ ਦਾ ਭਰਮ ਪਾਲਿਆ ਗਿਆ। ਪ੍ਰਾਇਮਰੀ ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ, ਪਿੰਡਾਂ, ਕਸਬਿਆਂ ਤੋਂ ਲੈ ਕੇ ਸ਼ਹਿਰਾਂ ਤੱਕ, ਸਮੂਹ ਲੋਕ-ਹਿੱਸਿਆਂ ਵਿਸ਼ੇਸ਼ ਕਰਕੇ ਵਿਦਿਆਰਥੀਆਂ ਨੌਜਵਾਨਾਂ ਤੋਂ ਲੈ ਕੇ ਸਾਹਿਤਕਾਰਾਂ, ਲੇਖਕਾਂ ਰੰਗ-ਕਰਮੀਆਂ, ਗੀਤਕਾਰਾਂ, ਸਭਿਆਚਾਰਕ ਕਾਮਿਆਂ ਅਤੇ ਬੁੱਧੀਜੀਵੀ ਹਲਕਿਆਂ ਤੱਕ ਨੂੰ ਮੋਗਾ ਗੋਲੀ ਕਾਂਡ ਨੇ ਨਵੀਂ ਜਾਗ ਲਾਈ।

ਮੋਗਾ ਗੋਲੀ ਕਾਂਡ ਮੌਕੇ ਪਹਿਲੀ ਵਾਰ (1947 ਤੋਂ ਮਗਰੋਂ) ਪੰਜਾਬ, ਫ਼ੌਜ ਦੇ ਹਵਾਲੇ ਕਰਨ ਲਈ ਹਾਕਮਾਂ ਨੂੰ ਮਜਬੂਰ ਹੋਣਾ ਪਿਆ। ਇਨਕਲਾਬੀ ਜਨਤਕ ਲਹਿਰ ਨੇ ਹੰਕਾਰੇ ਹਾਕਮਾਂ ਦੀ ਨੱਕ ਨੂੰ ਜੀਭ ਲਵਾ ਦਿੱਤੀ। ਇਸ ਦੌਰ 'ਚ ਸਾਡੇ ਕਾਲਜ, ਗੁਰੂ ਨਾਨਕ

ਇੰਜੀਨੀਅਰਿੰਗ ਕਾਲਜ ਲੁਧਿਆਣਾ ਦੀ ਹਵਾ ਦਾ ਰੰਗ ਪੂਰੀ ਤਰ੍ਹਾਂ ਬਸੰਤੀ ਕਹਿ ਲਓ ਭਾਵੇਂ ਸੂਹਾ-ਸੂਹਾ ਕਹੋ; ਬਸ ਕਾਲਜ ਦਾ ਪੂਰਾ ਮਾਹੌਲ ਹੀ ਸਰਘੀ ਦੇ ਸੂਰਜ ਵਰਗਾ ਸੀ। ਸਾਡੇ ਕਾਲਜ ਤਾਂ ਹਰੇਕ ਸਾਲ 'ਚ ਇਕ ਤੋਂ ਵੱਧ ਵਾਰ ਗੁਰਸ਼ਰਨ ਭਾਅ ਜੀ ਦੇ ਨਾਟਕ ਹੋਣੇ। ਉਹ ਕਿਹੜਾ ਕਾਲਜ, ਕਿਹੜੀ ਯੂਨੀਵਰਸਿਟੀ ਅਤੇ ਕਿਹੜਾ ਪਿੰਡ ਹੈ ਜਿੱਥੇ ਗੁਰਸ਼ਰਨ ਭਾਅ ਜੀ ਉਸ ਦੌਰ 'ਚ ਨਹੀਂ ਗਏ? ਉਸ ਮਗਰੋਂ ਹੁਣ ਤੱਕ ਤਾਂ ਕਈ ਪਿੰਡ ਅਜਿਹੇ ਨੇ ਜਿੱਥੇ ਦਰਜਨਾਂ ਵਾਰ ਉਨ੍ਹਾਂ ਨੇ ਨਾਟਕ ਖੇਡੇ। ਸਾਨੂੰ ਕਾਲਜ ਦੇ ਅੰਦਰ ਹੀ ਜਿੱਥੇ ਵਿਦਿਆਰਥੀ ਜਥੇਬੰਦੀ ਪੀ.ਐਸ.ਯੂ. ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ, ਸਾਹਿਤਕ ਰਚਨਾਵਾਂ, ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨਵੇਂ ਕ੍ਰਾਂਤੀਕਾਰੀ ਵਿਚਾਰਾਂ ਨਾਲ ਪ੍ਰਭਾਵਿਤ ਕਰ ਰਹੀ ਸੀ ਉੱਥੇ ਖਾਸ ਕਰਕੇ ਨਾਟਕੀ ਖੇਤਰ ਦੀ ਕੱਦਾਵਰ ਸ਼ਖ਼ਸੀਅਤ ਗੁਰਸ਼ਰਨ ਭਾਅ ਜੀ ਨੇ ਜਦੋਂ ਵੀ ਕਾਲਜ ਦੇ ਆਡੀਟੋਰੀਅਮ 'ਚ ਨਾਟਕ ਕਰਨ ਆਉਣਾ ਤਾਂ ਸਾਨੂੰ ਇਉਂ ਮਹਿਸੂਸ ਹੋਣਾ ਕਿ ਗੁਰਸ਼ਰਨ ਭਾਅ ਜੀ ਜੋ ਨਾਟਕ ਕਰਦੇ ਨੇ ਉਹ ਜ਼ਿੰਦਗੀ ਦਾ ਯਥਾਰਥ ਹੈ। ਜ਼ਿੰਦਗੀ ਦਾ ਸਿਰਨਾਵਾਂ ਹੈ। ਜ਼ਿੰਦਗੀ ਦਾ ਅਰਥ ਅਤੇ ਆਦਰਸ਼ ਹੈ। ਨਾਟਕ ਤਾਂ ਅਸੀਂ ਜਾਂ ਉਹ ਕਰਦੇ ਨੇ ਜਿਹੜੇ ਅਜੇਹੀ ਗਲੀ-ਸੜੀ ਵਿਵਸਥਾ ਨੂੰ ਸਮਝ ਕੇ ਵੀ ਇਸ ਨਾਲ ਸਮਝੌਤੇ ਅਤੇ ਸੌਦੇ ਕਰਦੇ ਨੇ। ਸਾਨੂੰ ਲੱਗਣਾ ਕਿ ਨਾਟਕਕਾਰ ਬਣੇ ਇੰਜੀਨੀਅਰ ਗੁਰਸ਼ਰਨ ਸਿੰਘ ਨੇ ਸਾਨੂੰ ਇਕ ਰਾਹ ਦਿਖਾਇਆ ਹੈ ਕਿ ਕੀ ਤਨਖ਼ਾਹਾਂ ਲਈ, ਨੌਕਰੀਆਂ ਲਈ, ਆਪਣੇ ਆਪ ਲਈ ਇੰਜੀਨੀਅਰ ਬਣਨਾ ਹੈ ਜਾਂ ਜ਼ਿੰਦਗੀ ਅਤੇ ਸਮਾਜ ਦੇ ਬਣਤਰ ਨੂੰ ਸਮਝ ਕੇ ਇਸ ਵਿਚ ਬੁਨਿਆਦੀ ਤਬਦੀਲੀ ਲਿਆਉਣ ਲਈ, ਇਸ ਵਿਚ ਕ੍ਰਾਂਤੀਕਾਰੀ ਗਤੀ, ਦਿਸ਼ਾ ਅਤੇ ਨਵੇਂ ਆਦਰਸ਼ਾਂ ਦਾ ਰੰਗ ਭਰਨਾ ਹੈ?

ਇਲੈਕਟਰੀਕਲ ਇੰਜੀਨੀਅਰਿੰਗ ਪਹਿਲੇ ਦਰਜੇ 'ਚ ਪਾਸ ਕਰਨ ਮੌਕੇ ਮੈਂ ਇਹ ਮਨ ਬਣਾ ਲਿਆ ਸੀ ਕਿ ਕਾਲਜ ਯੂਨੀਵਰਸਿਟੀਆਂ ਤੁਹਾਨੂੰ ਡਿਗਰੀਆਂ ਅਤੇ ਸਰਟੀਫੀਕੇਟ ਤਾਂ ਦਿੰਦੇ ਹਨ ਪਰ ਸਮਾਜ ਨੂੰ ਸਮਝਣ ਲਈ, ਆਪਣੇ ਆਪ ਨੂੰ ਪੜ੍ਹਨ ਲਈ ਸਕੂਲਾਂ/ਕਾਲਜਾਂ ਦੀਆਂ ਦੀਵਾਰਾਂ 'ਤੇ ਇਹ ਲਿਖਿਆ ਹੋਣਾ ਕਿ 'ਪੜ੍ਹਨ ਲਈ ਆਓ ਤੇ ਸੇਵਾ ਲਈ ਜਾਓ' ਸੱਚ ਨਹੀਂ ਹੈ, ਕਾਫੀ ਨਹੀਂ ਹੈ। ਇਸ ਲਈ ਇਕ ਵੱਖਰਾ ਸਿਲੇਬਸ ਹੈ ਜਿਹੜਾ ਸਿਲੇਬਸ ਗੁਰਸ਼ਰਨ ਸਿੰਘ ਦੇ ਨਾਟਕ ਪੜ੍ਹਾ ਰਹੇ ਸਨ, ਜਿਹੜਾ ਸਿਲੇਬਸ ਸਮਾਜ ਦੀ ਹਰ ਦੁਖ਼ਦੀ ਰਗ 'ਚੋਂ ਪੜ੍ਹਿਆ ਜਾ ਸਕਦਾ ਹੈ। ਬਸ 1974 ਤੋਂ ਹੀ ਇਹ ਕੋਸ਼ਿਸ਼ ਰਹੀ ਹੈ ਕਿ ਗੁਰਸ਼ਰਨ ਸਿੰਘ ਦੇ ਨਾਟਕ ਅਤੇ ਉਨ੍ਹਾਂ ਦੇ ਬੋਲ, ਆਮ ਆਦਮੀ ਲਈ, ਮਿਹਨਤਕਸ਼ ਲੋਕਾਈ ਲਈ ਹਨ ਜੋ ਸਮਾਜ ਸਿਰਜਣ ਦੀ ਗੱਲ ਕਰਦੇ ਹਨ ਸ਼ਹੀਦ ਭਗਤ ਸਿੰਘ ਦੇ ਆਦਰਸ਼ਾਂ ਅਨੁਸਾਰ ਜਿਵੇਂ ਹਰ ਵੰਨਗੀ ਦੀ ਗ਼ੁਲਾਮੀ, ਦਾਬੇ, ਨਾ-ਬਰਾਬਰੀ, ਨਾ-ਇਨਸਾਫੀ ਅਤੇ ਜਬਰ-ਸਿਤਮ ਤੋਂ ਮੁਕਤ ਨਵਾਂ ਨਰੋਆ, ਖ਼ੁਸ਼ਹਾਲ ਅਤੇ ਬਰਾਬਰੀ ਲੱਦਿਆ ਸਮਾਜ ਸਿਰਜਣ ਦੀ ਲੋੜ ਹੈ। ਉਸ ਸੁਲੱਖਣੇ ਸਮਾਜ ਲਈ ਜ਼ਿੰਦਗੀ ਦਾ ਹਰ ਪਲ ਅਰਪਤ ਕਰ ਦੇਈਏ। ਆਪਣੇ ਫ਼ਰਜ਼ਾਂ ਪ੍ਰਤੀ ਦਿਨ ਰਾਤ ਇਕ ਕਰਨ ਦੇ ਇਸ ਅਰਸੇ ਦੌਰਾਨ ਗੁਰਸ਼ਰਨ ਭਾਅ ਜੀ ਨੇ ਹਮੇਸ਼ਾਂ ਆਪਣੀ ਬੁੱਕਲ 'ਚ ਘੁੱਟ ਕੇ ਲਿਆ ਅਤੇ ਸਾਨੂੰ ਕਿੰਨੀਆਂ ਹੀ ਜਥੇਬੰਦੀਆਂ 'ਚ ਲੰਮੇ ਅਰਸੇ ਤੋਂ ਮਿਲ ਕੇ ਕੰਮ ਕਰਦਿਆਂ ਹੋ ਗਏ।

ਭਾਵੇਂ ਇਨ੍ਹਾਂ ਜਥੇਬੰਦੀਆਂ ਦੇ ਵਿਸਥਾਰ ਵਿਚ ਅਤੇ ਬਾਕਾਇਦਾ ਤਰਤੀਬ 'ਚ ਜਾ

ਸਕਣਾ ਹੱਥਲੇ ਲੇਖ ਦਾ ਵਿਸ਼ਾ ਨਹੀਂ ਪਰ ਫਿਰ ਵੀ ਜ਼ਿਕਰ ਮਾਤਰ ਇਹ ਦਰਸਾਉਣਾ ਜ਼ਰੂਰੀ ਹੈ ਕਿ ਅਸੀਂ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੀ ਨੀਂਹ ਰੱਖਣ ਤੋਂ ਲੈ ਕੇ ਆਖਰੀ ਦਮ ਤੱਕ, ਬੀਤੇ 29 ਵਰ੍ਹਿਆਂ ਤੋਂ ਝੰਡਾ ਬੁਲੰਦ ਰੱਖਿਆ ਹੈ।

ਇਸ ਤੋਂ ਇਲਾਵਾ ਅਸੀਂ ਇਕੱਠਿਆਂ ਨੇ 'ਸਰਦਲ' ਪੱਤ੍ਰਿਕਾ, ਪਲਸ ਮੰਚ, ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ (ਪੰਜਾਬ), ਸ਼ਹੀਦ ਭਗਤ ਸਿੰਘ ਜਨਮ ਸ਼ਤਾਬਦੀ ਕਮੇਟੀ (ਪੰਜਾਬ) ਆਦਿ ਸੰਸਥਾਵਾਂ 'ਚ ਜੀਅ-ਜਾਨ ਨਾਲ ਮਿਲ ਕੇ ਮਿਹਨਤ ਕੀਤੀ ਹੈ। ਸਮੇਂ-ਸਮੇਂ ਗੀਤਾਂ ਦੀਆਂ ਕੈਸਟਾਂ, ਨਾਟਕ ਮੇਲਿਆਂ, ਵੱਖ-ਵੱਖ ਮਿਹਨਤਕਸ਼ ਤਬਕਿਆਂ ਦੇ ਘੋਲਾਂ 'ਚ ਉਨ੍ਹਾਂ ਦੇ ਯੋਗਦਾਨ ਨੂੰ ਸਦਾ ਯਾਦ ਰੱਖਿਆ ਜਾਵੇਗਾ।

ਐਮਰਜੈਂਸੀ ਦੀ ਹੰਗਾਮੀ ਹਾਲਤ ਹੋਵੇ। ਫਿਰਕੂ ਅਤੇ ਹਕੂਮਤੀ ਦਹਿਸ਼ਤਗਰਦੀ ਦੀ ਕਾਲੀ ਰਾਤ ਹੋਵੇ। ਦਿੱਲੀ ਦੀਆਂ ਸੜਕਾਂ 'ਤੇ ਖ਼ੂਨੀ ਨਾਚ ਹੋਵੇ। ਗੁਜਰਾਤ 'ਚ ਇਕ ਫਿਰਕੇ ਦਾ ਨਸਲਘਾਤ ਹੋਵੇ। ਕੀਹਦਾ-ਕੀਹਦਾ ਜ਼ਿਕਰ ਕਰੀਏ? ਗੁਰਸ਼ਰਨ ਸਿੰਘ ਵਗਦੇ ਦਰਿਆ ਦਾ ਨਾਂਅ ਹੈ। ਗੁਰਸ਼ਰਨ ਸਿੰਘ ਸਦਾ ਅੰਬਰਾਂ 'ਤੇ ਦਗ਼ਦੇ ਸੂਰਜ ਦਾ ਨਾਂਅ ਹੈ। ਗੁਰਸ਼ਰਨ ਸਿੰਘ ਦਹਿਕਦੇ ਅੰਗਿਆਰਾਂ 'ਤੇ ਮੁਸਕਰਾਉਂਦਿਆਂ ਸਫ਼ਰ ਦਾ ਨਾਂਅ ਹੈ। ਮੇਰੇ ਲਈ ਇਸ ਤੋਂ ਮਾਣ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਮੈਂ ਉਸ ਬਾਬਾ ਬੋਹੜ ਦੇ ਵਡੇਰੇ ਪਰਿਵਾਰ ਦਾ ਇਕ ਮੈਂਬਰ ਹਾਂ ਜਿਸ ਤੋਂ ਵਕਤ ਹਰ ਪਲ ਇਹ ਮੰਗ ਕਰਦਾ ਹੈ ਕਿ ਆਪਣੇ ਬਾਬੇ ਬੋਹੜ ਅਤੇ ਆਪਣੇ ਭਾਅ ਜੀ ਦੇ ਆਦਰਸ਼ਾਂ ਦੇ ਸਦਾ ਵਫ਼ਾਦਾਰ ਅਤੇ ਸਿਰੜੀ ਸਿਪਾਹੀ ਬਣ ਕੇ ਸਦਾ ਸੰਗਰਾਮੀ ਸਫ਼ਰ 'ਤੇ ਡਟ ਕੇ ਤੁਰਦੇ ਰਹੀਏ।

ਪੰਜਾਬ ਅੰਦਰ ਗੁਰਸ਼ਰਨ ਭਾਅ ਜੀ ਦੀ ਅਗਵਾਈ 'ਚ ਸਰਗਰਮ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਤੋਂ ਇਲਾਵਾ ਅਸੀਂ ਸਾਹਿਤਕ/ਸਭਿਆਚਾਰਕ ਮੋਰਚੇ ਦੀ ਭੂਮਿਕਾ ਨੂੰ ਮਹੱਤਵਪੂਰਨ ਸਥਾਨ ਦਿੱਤਾ। ਇਕ ਪਿੰਡ ਤੋਂ ਸ਼ੁਰੂ ਕਰਕੇ ਪੰਜਾਬ ਦੇ ਕਿੰਨੇ ਹੀ ਖਿੱਤਿਆਂ ਤੱਕ ਰੰਗਮੰਚ ਟੋਲੀਆਂ ਦਾ ਵਿਸਥਾਰ ਕੀਤਾ। ਟੋਲੀਆਂ ਵੀ ਅਜੇਹੀਆਂ ਜਿਹੜੀਆਂ ਪੂਰੀ ਤਰ੍ਹਾਂ 'ਕਲਾ ਲੋਕਾਂ ਲਈ' ਦੀ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਮਰਪਤ ਹੋਈਆਂ।

ਲੋਕ ਨਾਟਕ ਕਲਾ ਕੇਂਦਰ ਨਸਰਾਲੀ (ਲੁਧਿਆਣਾ) ਦੀ ਉਸਾਰੀ ਕੀਤੀ। ਇਸ ਤੋਂ ਕੜੀ ਅੱਗੇ ਤੋਰਦਿਆਂ ਪੰਜਾਬ ਨਾਟਕ ਕਲਾ ਕੇਂਦਰ ਲੁਧਿਆਣਾ, ਪੰਜਾਬ ਨਾਟਕ ਕਲਾ ਕੇਂਦਰ ਹੁਸ਼ਿਆਰਪੁਰ, ਪੰਜਾਬ ਨਾਟਕ ਕਲਾ ਕੇਂਦਰ ਪਟਿਆਲਾ, ਪੰਜਾਬ ਨਾਟਕ ਕਲਾ ਕੇਂਦਰ ਫਰੀਦਕੋਟ, ਪੰਜਾਬ ਨਾਟਕ ਕਲਾ ਕੇਂਦਰ ਸ਼ਾਹਕੋਟ, ਪੰਜਾਬ ਨਾਟਕ ਕਲਾ ਕੇਂਦਰ ਫਗਵਾੜਾ ਜੋ ਬਾਅਦ 'ਚ ਪੰਜਾਬ ਕਲਾ ਸੰਗਮ ਫਗਵਾੜਾ ਵਜੋਂ ਕੰਮ ਕਰਦਾ ਰਿਹਾ। ਇਸ ਤੋਂ ਇਲਾਵਾ ਵੱਡੇ ਯਾਦਗਾਰੀ ਸਮਾਗਮਾਂ 'ਚ ਪੇਸ਼ਕਾਰੀ ਲਈ ਇਕ ਪੰਜਾਬ ਦੇ ਚੋਣਵੇਂ ਕਲਾਕਾਰਾਂ 'ਤੇ ਅਧਾਰਤ 'ਪੰਜਾਬ ਨਾਟਕ ਕਲਾ ਕੇਂਦਰ' ਦੀ ਟੀਮ ਵੀ ਨਾਟਕੀ ਮੰਚਣ ਕਰਦੀ ਰਹੀ।

ਪੰਜਾਬ ਅੰਦਰ ਬਦਲਵੇਂ ਇਨਕਲਾਬੀ ਰੰਗਮੰਚ ਦੇ ਕਾਰਗਰ ਸਾਧਨ ਰਾਹੀਂ ਖੇਤ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ, ਪੱਲੇਦਾਰਾਂ, ਟਰਾਂਸਪੋਰਟ

ਕਾਮਿਆਂ, ਐਫ.ਸੀ.ਆਈ. ਮੁਲਾਜ਼ਮਾਂ, ਬਿਜਲੀ ਕਾਮਿਆਂ, ਆਬਾਦਕਾਰਾਂ, ਕੁਦਰਤੀ ਮਾਰਾਂ ਦੇ ਝੁੱਖੜਾਂ ਦੇ ਭੰਨੇ ਲੋਕਾਂ ਤੱਕ ਨਾਟਕੀ ਵਿਧਾ ਰਾਹੀਂ ਇਨਕਲਾਬੀ ਵਿਚਾਰਾਂ ਦਾ ਸੰਚਾਰ ਹੋਣ ਲੱਗਾ। ਪਿੰਡਾਂ ਦੇ ਪਿੰਡ ਨਾਟਕ ਲੜੀਆਂ 'ਚ ਤੁਰ ਕੇ, ਕਿਤੇ ਸਾਈਕਲੀ ਜਥਿਆਂ ਰਾਹੀਂ, ਕਿਤੇ ਮੋਟਰਸਾਈਕਲਾਂ, ਟਰੈਕਟਰਾਂ ਟਰਾਲੀਆਂ ਰਾਹੀਂ ਪਹੁੰਚਣ ਲੱਗੇ। ਨਾਟਕੀ ਪੇਸ਼ਕਾਰੀਆਂ ਵਿਸ਼ਾਲ ਗਿਣਤੀ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ 'ਚ ਸਫ਼ਲ ਹੋਣ ਲੱਗੀਆਂ। ਨਾਟਕ ਟੀਮਾਂ, ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ ਅਤੇ ਗੁਰਸ਼ਰਨ ਸਿੰਘ ਜਿੱਥੇ ਤਿੰਨੇ ਕਿਸੇ ਨਾ ਕਿਸੇ ਰੂਪ 'ਚ ਵੀ ਹੁੰਦੇ ਤਾਂ ਸਮਝੋ ਉੱਥੇ ਭਰੇ ਪੰਡਾਲਾਂ 'ਚ ਜੁੜੇ ਲੋਕ ਹਰ ਸ਼ਬਦ ਨੂੰ ਮਨ ਦੀ ਡਾਇਰੀ 'ਤੇ ਗੂਹੜਾ ਉਕਰਨ ਲੱਗੇ। ਲੋਕਾਂ ਦੀ ਮੁਕਤੀ ਦੇ ਸੰਗਰਾਮ 'ਚ ਨਾਟਕ ਦਾ ਵਿਸ਼ੇਸ਼ ਯੋਗਦਾਨ ਉਭਰ ਕੇ ਸਾਹਮਣੇ ਆਉਣ ਲੱਗਾ।

ਪੰਜਾਬ ਨਾਟਕ ਕਲਾ ਕੇਂਦਰ ਦੀਆਂ ਟੀਮਾਂ ਦੀ ਲੰਮਾ ਸਮਾਂ ਅਮਲਦਾਰੀ ਇਹ ਰਹੀ ਕਿ ਨਾਟਕ ਰਾਹੀਂ ਲੋਕਾਂ ਨੂੰ ਜਥੇਬੰਦ ਹੋਣ, ਆਪਣੇ ਹੱਕ ਲਈ ਸੰਘਰਸ਼ ਕਰਨ ਦਾ ਸੱਦਾ ਵੀ ਦਿੱਤਾ। ਨਾਟਕ ਉਪਰੰਤ ਪਿੰਡਾਂ ਦੇ ਨੌਜਵਾਨਾਂ, ਕਿਰਤੀ ਕਿਸਾਨਾਂ ਨਾਲ ਵਿਚਾਰ-ਚਰਚਾਵਾਂ ਕਰਨੀਆਂ। ਨਤੀਜੇ ਵਜੋਂ ਇਨ੍ਹਾਂ ਰੰਗਮੰਚ ਟੋਲੀਆਂ ਨੇ ਮਿਹਨਤਕਸ਼ ਤਬਕਿਆਂ ਨੂੰ ਜਾਗਰੂਕ ਕਰਨ ਅਤੇ ਆਪਣੀਆਂ ਜਥੇਬੰਦੀਆਂ ਉਸਾਰਨ 'ਚ ਵਿਸ਼ੇਸ਼ ਯੋਗਦਾਨ ਪਾਇਆ। ਰੰਗ-ਕਰਮੀਆਂ ਅਤੇ ਜਨਤਕ ਆਗੂਆਂ ਦੀ ਅਜੇਹੀ ਸਾਂਝ ਅਤੇ ਅਮਲ ਸਦਕਾ ਨਾਟਕਾਂ ਦੇ ਵਿਸ਼ਾ-ਵਸਤੂ, ਗੀਤਾਂ ਦੀ ਰਚਨਾ, ਪੇਸ਼ਕਾਰੀ, ਰੰਗ-ਕਰਮੀਆਂ ਦੀ ਆਪਣੀ ਢਲਾਈ ਅਤੇ ਵਿਚਾਰਧਾਰਕ ਪਕਿਆਈ ਉੱਪਰ ਵੀ ਇਸਦਾ ਰੰਗ ਚੜ੍ਹਿਆ ਸਾਫ਼ ਦਿਖਾਈ ਦੇਣ ਲੱਗਾ।

ਇਹ ਰੰਗਮੰਚ ਦੀ ਵਿਧਾ, ਦਿਸ਼ਾ ਅਤੇ ਸਹੀ ਅਰਥਾਂ 'ਚ 'ਕਲਾ ਲੋਕਾਂ ਲਈ' ਦਾ ਅਮਲੀ ਇਜ਼ਹਾਰ ਗੁਰਸ਼ਰਨ ਭਾਅ ਜੀ ਦੇ ਮਨ-ਮਸਤਕ ਅੰਦਰ ਹਰ ਪਲ ਮਚਲਦੀ ਵਿਧਾ ਨਾਲ ਸੁਰ-ਮੇਲ ਕਰਦਾ ਸੀ। ਉਹ ਅਕਸਰ ਇਹ ਕਿਹਾ ਕਰਦੇ ਕਿ, "ਤੁਸੀਂ ਜਿਵੇਂ ਨਾਟਕਾਂ ਰਾਹੀਂ ਲੋਕਾਂ ਨਾਲ ਮੱਛੀ ਅਤੇ ਪਾਣੀ ਦਾ ਰਿਸ਼ਤਾ ਬਣਾ ਰਹੇ ਹੋ ਇਹ ਗੱਲ ਮੈਂ ਲੰਮੇ ਸਮੇਂ ਤੋਂ ਕਹਿੰਦਾ ਆ ਰਿਹਾਂ। ਮੈਂ, ਜੋਗਿੰਦਰ ਬਾਹਰਲਾ ਅਤੇ ਹੋਰ ਬਹੁਤ ਸਾਰਿਆਂ ਨੇ ਤਾਂ ਇਹ ਅਮਲ ਹੱਡੀਂ ਹੰਢਾਇਆ ਹੈ ਕਿ ਰੰਗਮੰਚ ਵਾਲਿਆਂ ਨੂੰ ਕਿਸੇ ਕਾਨਫਰੰਸ ਤੋਂ ਪਹਿਲਾਂ 'ਰਸਮੀ ਸਟੇਜ ਦੇ ਪੂਰਵ ਸਮੇਂ' ਜਾਂ 'ਫਿਲਰ' ਵਾਂਗ ਸਮਾਂ ਦੇਣ ਦੀ ਪ੍ਰਵਿਰਤੀ ਕਾਫੀ ਭਾਰੂ ਰਹੀ ਹੈ। ਤੁਸੀਂ ਅਮਲ 'ਚ ਰੰਗਮੰਚ ਦੀ ਤਾਕਤ ਅਤੇ ਭੂਮਿਕਾ ਨੂੰ ਬਾਖ਼ੂਬੀ ਸਮਝ ਕੇ ਚੱਲੇ ਹੋ। ਤੁਹਾਡੀ ਇਸ ਪ੍ਰੈਕਟਿਸ ਦੇ ਫੀਲਡ ਵਿਚ ਯੋਗ ਨਤੀਜੇ ਵੀ ਸਾਹਮਣੇ ਪਏ ਹਨ।"

ਕਿਸੇ ਹੱਦ ਤੱਕ ਅਸਲ 'ਚ ਇਹ ਸਾਂਝਾ ਆਧਾਰ ਸੀ ਜਿਸਨੇ ਪੰਜਾਬ ਅੰਦਰ ਲੋਕ-ਪੱਖੀ, ਅਗਾਂਹਵਧੂ, ਸਿਹਤਮੰਦ ਅਤੇ ਇਨਕਲਾਬੀ ਸਭਿਆਚਾਰ ਦੇ ਪ੍ਰਚਾਰ-ਪਸਾਰ ਲਈ ਸਾਨੂੰ ਸਭਿਆਚਾਰਕ ਖੇਤਰ 'ਚ ਸਾਂਝੇ ਉੱਦਮ ਜੁਟਾ ਕੇ ਵਿਸ਼ਾਲ ਸਭਿਆਚਾਰਕ ਲਹਿਰ ਉਸਾਰਨ ਵੱਲ ਦਹਾਕਿਆਂ ਬੱਧੀ ਕਦਮ-ਸੰਗ-ਕਦਮ ਮਿਲਾ ਕੇ ਤੋਰੀ ਰੱਖਿਆ। ਇਹ ਸਾਂਝਦਾਰੀ ਕਿਸੇ ਭਾਵੁਕਤਾ ਜਾਂ ਮਹਿਜ਼ ਰੰਗਮੰਚੀ ਸਰਗਰਮੀਆਂ ਕਰਕੇ ਹੀ ਨਹੀਂ ਸੀ ਸਗੋਂ ਰੰਗਮੰਚ, ਲੋਕ/ਸਮਾਜ, ਰੰਗਮੰਚ ਦੀ ਭੂਮਿਕਾ ਅਤੇ ਇਨਕਲਾਬੀ ਲਹਿਰਾਂ ਨਾਲ ਰੰਗਮੰਚ ਦੇ ਰਿਸ਼ਤੇ ਦੀ ਸਾਂਝ ਸੀ।

ਇਸ ਸਾਂਝ ਦਾ ਪੱਲਾ ਫੜ ਕੇ ਤੁਰਨ ਵਾਲੇ ਸਾਰੇ ਹੀ ਗੁਰਸ਼ਰਨ ਸਿੰਘ ਦੇ ਪਰਿਵਾਰ ਦੇ ਮੈਂਬਰ ਹਨ। ਇਸ ਪਰਿਵਾਰ ਦੀਆਂ ਕਈ ਸ਼ਾਖਾਵਾਂ ਆਪੋ ਆਪਣੇ ਕਾਰਜ-ਖੇਤਰ 'ਚ ਸਰਗਰਮ ਸਨ। ਇਨ੍ਹਾਂ ਲਈ ਸਾਂਝੇ ਮੰਚ ਦੀ ਅਣਹੋਂਦ ਰੜਕਦੀ ਸੀ। ਜੇ ਇਸਦੀ ਪੂਰਤੀ ਬੰਦ ਕਮਰਾ ਮੀਟਿੰਗ ਜਾਂ ਰਜਿਸਟਰ ਦੀ ਕਾਰਵਾਈ ਤੱਕ ਸੀਮਤ ਹੁੰਦੀ ਤਾਂ ਇਹ ਸਾਂਝ ਅਤੇ ਸਾਂਝੇ ਥੜ੍ਹੇ ਦੀ ਉਸਾਰੀ ਦਾ ਭਰਮ ਪਾਲਣਾ ਹੀ ਹੁੰਦਾ। ਅਸੀਂ 'ਪੰਜਾਬ ਨਾਟਕ ਕਲਾ ਕੇਂਦਰ' ਵਾਲੇ ਲੋਕ, ਗੁਰਸ਼ਰਨ ਭਾਅ ਜੀ ਨਿੱਠ ਕੇ ਇਸ ਮੁਹਾਜ਼ 'ਤੇ ਕੰਮ ਕਰ ਰਹੇ ਸੀ। ਇਸ ਤੋਂ ਇਲਾਵਾ ਹੋਰ ਰੰਗ-ਟੋਲੀਆਂ ਕਵੀਆਂ, ਗੀਤਕਾਰਾਂ, ਲੇਖਕਾਂ, ਸਾਹਿਤਕਾਰਾਂ, ਆਲੋਚਕਾਂ ਅਤੇ ਸਭਿਆਚਾਰਕ ਕਾਮਿਆਂ ਦਾ ਅਜਿਹਾ ਹਿੱਸਾ ਵੀ ਸੀ ਜਿਸਨੂੰ ਜੇ ਸਮੇਂ ਦੀ ਹਾਣੀ ਆਧਾਰਸ਼ਿਲਾ ਅਤੇ ਮਾਰਗ-ਸੇਧ ਵਾਲਾ ਥੜ੍ਹਾ ਮਿਲਦਾ ਤਾਂ ਉਸਨੇ ਵੀ ਉਸਦਾ ਅੰਗ ਬਣਨ 'ਚ ਖੁਸ਼ੀ ਅਤੇ ਮਾਣ ਮਹਿਸੂਸ ਕਰਨਾ ਸੀ। ਇਸ ਬਾਰੇ ਸਮੇਂ-ਸਮੇਂ ਟੁੱਟਵੀਆਂ ਵਿਚਾਰਾਂ ਚੱਲਦੀਆਂ ਰਹਿੰਦੀਆਂ ਸਨ।

ਉਨ੍ਹਾਂ ਦਿਨਾਂ 'ਚ ਮੈਂ, ਜੋਰਾ ਸਿੰਘ ਨਸਰਾਲੀ, ਕਸਤੂਰੀ ਲਾਲ ਅਤੇ ਕਿੰਨੇ ਹੀ ਹੋਰ ਸਾਥੀ ਦਿਨ-ਰਾਤ ਸਾਈਕਲਾਂ 'ਤੇ ਹੀ ਬੈਗ ਲੱਦ ਕੇ ਦੂਰ-ਦੁਰਾਡੇ ਖੇਤਰਾਂ ਤੱਕ ਨਾਟਕ ਕਰਨ ਜਾਇਆ ਕਰਦੇ ਸੀ। ਬਹੁਤ ਜ਼ਿਆਦਾ ਦੂਰ ਇਕ ਤੋਂ ਦੂਜੇ ਜ਼ਿਲ੍ਹਿਆਂ ਤੱਕ ਬੱਸਾਂ 'ਤੇ ਸਫ਼ਰ ਕਰਿਆ ਕਰਦੇ। ਆਪਣੀ ਟੀਮ ਕੋਲ ਆਪਣੀ ਗੱਡੀ ਜਾਂ ਕਿਰਾਏ 'ਤੇ ਕਰਕੇ ਗੱਡੀ ਦਾ ਤਾਂ ਕੋਈ ਸੁਆਲ ਹੀ ਨਹੀਂ ਸੀ। ਗੁਰਸ਼ਰਨ ਭਾਅ ਜੀ ਲੰਮਾ ਸਮਾਂ ਮੋਢੇ 'ਤੇ ਬੈਗ ਪਾ ਕੇ ਬੱਸਾਂ ਰਾਹੀਂ ਹੀ ਪੂਰੇ ਪੰਜਾਬ 'ਚ ਰੰਗਮੰਚ ਕਰਨ ਜਾਇਆ ਕਰਦੇ ਸਨ। ਕਾਫੀ ਸਮੇਂ ਮਗਰੋਂ ਅਤੇ ਕਈ ਵਾਰੀ ਵੱਡੀ ਕਾਸਟਿੰਗ ਵਾਲੇ ਨਾਟਕ ਸਮੇਂ ਹੀ ਉਹ ਕਿਰਾਏ 'ਤੇ ਗੱਡੀ ਲੈ ਕੇ ਜਾਣ ਲੱਗੇ। ਇਉਂ ਚੱਲ ਸੋ ਚੱਲ। ਪੰਜਾਬ ਅੰਦਰ ਅੱਧੀ ਦਰਜਨ ਤੋਂ ਵੱਧ ਪੰਜਾਬ ਨਾਟਕ ਕਲਾ ਕੇਂਦਰ ਦੀਆਂ ਟੀਮਾਂ, ਲੋਹੀਆਂ ਨਾਟਕ ਕਲਾ ਕੇਂਦਰ (ਰਜਿ.) ਅਤੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਨੇ ਨਾਟਕਾਂ ਦੀ ਇਕ ਲਹਿਰ ਖੜ੍ਹੀ ਕਰ ਦਿੱਤੀ। ਉਨ੍ਹਾਂ ਸਮਿਆਂ ਦੀਆਂ ਡਾਇਰੀਆਂ ਗਵਾਹ ਹਨ ਕਿ ਇਕ ਮਹੀਨੇ 'ਚ ਲਗਾਤਾਰ 22-22 ਰਾਤਾਂ ਵੀ ਨਾਟਕ ਹੋਣੇ। ਇਸ ਤਰ੍ਹਾਂ ਦੇ ਰੰਗਮੰਚੀ ਮਾਹੌਲ, ਸਾਂਝ ਦੇ ਸਾਂਝੇ ਆਧਾਰ ਨੇ ਪੰਜਾਬ ਅੰਦਰ ਇਕ ਸੰਸਥਾਗਤ ਰੂਪ 'ਚ ਸਭਿਆਚਾਰਕ ਖੇਤਰ ਦੇ ਕੰਮ ਨੂੰ ਲੜੀ 'ਚ ਪਰੋਣ ਦੇ ਵਿਚਾਰ ਪ੍ਰਬਲ ਹੋਣ ਲੱਗੇ।

ਇਕ ਦਿਨ ਮੈਂ ਅਤੇ ਗੁਰਸ਼ਰਨ ਭਾਅ ਜੀ ਮਲੇਰਕੋਟਲੇ ਬੱਸ ਅੱਡੇ 'ਚ ਮੁਲਤਾਨੀ ਦੇ ਢਾਬੇ 'ਤੇ ਇਕੱਠੇ ਹੋਏ। ਪੰਜਾਬ ਅੰਦਰ ਚੱਲ ਰਹੀਆਂ ਰੰਗਮੰਚ ਸਰਗਰਮੀਆਂ/ਸਕਰਿਪਟਾਂ ਦੇ ਢੁੱਕਵੇਂ ਵਿਸ਼ੇ, ਗੀਤਾਂ ਦੀਆਂ ਕੈਸਟਾਂ ਦੀ ਲੋੜ, ਸਭਿਆਚਾਰਕ ਮੋਰਚੇ ਦੀ ਆਪਣੀ ਸਾਂਝੀ ਆਧਾਰਸ਼ਿਲਾ 'ਚੋਂ ਰੰਗਮੰਚ ਟੀਮਾਂ ਅਤੇ ਵਿਅਕਤੀਗਤ ਪੱਧਰ 'ਤੇ ਸਾਹਿਤਕ/ਸਭਿਆਚਾਰਕ ਖੇਤਰ ਦੇ ਕੰਮ ਕਰ ਰਹੀਆਂ ਸ਼ਖ਼ਸੀਅਤਾਂ ਨੂੰ ਇਕ ਸੰਸਥਾ 'ਚ ਜਥੇਬੰਦ ਕਰਨ ਬਾਰੇ ਗੰਭੀਰ ਵਿਚਾਰਾਂ ਹੋਈਆਂ। ਇਹ ਮਿਲਣੀ, ਇਹ ਵਿਚਾਰਾਂ, ਇਹ ਸੁਪਨਾ ਇਤਿਹਾਸਕ ਹੋ ਨਿੱਬੜੇ।

ਨਤੀਜਾ ਇਹ ਹੋਇਆ ਕਿ 14 ਮਾਰਚ 1982 ਨੂੰ ਲੁਧਿਆਣਾ ਜ਼ਿਲ੍ਹੇ ਦੇ ਇਕ ਨਿੱਕੇ ਜਿਹੇ ਪਿੰਡ ਨਸਰਾਲੀ 'ਚ ਪੰਜਾਬ ਨਾਟਕ ਕਲਾ ਕੇਂਦਰ ਅਤੇ ਅੰਮ੍ਰਿਤਸਰ ਨਾਟਕ ਕੇਂਦਰ

ਵੱਲੋਂ ਸਾਹਿਤਕਾਰਾਂ/ਸਭਿਆਚਾਰਕ ਕਾਮਿਆਂ ਦੀ ਵਿਸ਼ਾਲ ਇਕੱਤਰਤਾ ਬੁਲਾਈ ਗਈ। ਦਿਨ ਭਰ ਸਾਂਝੇ ਮੰਚ ਦੀ ਆਧਾਰਸ਼ਿਲਾ, ਜਥੇਬੰਦਕ ਬਣਤਰ, ਕਾਰਜ-ਸੇਧ ਅਤੇ ਕਾਰਜ ਖੇਤਰ, ਪ੍ਰਤੀਬੱਧਤਾ, ਲੋਕ-ਵਿਰੋਧੀ ਅਤੇ ਲੋਕ-ਪੱਖੀ ਸਭਿਆਚਾਰਕ ਦੀ ਤਿੱਖੀ ਵੰਡ-ਰੇਖਾ ਬਾਰੇ ਵਿਚਾਰਾਂ ਹੋਈਆਂ। ਇਹ ਸਾਂਝਾ ਸਭਿਆਚਾਰਕ ਮੰਚ ਕਿਸੇ ਵਿਸ਼ੇਸ਼ ਰਾਜਨੀਤਕ ਪਾਰਟੀ/ਗਰੁੱਪ/ਧੜੇ ਦੀ ਹੀ ਵਿਸ਼ੇਸ਼ ਰਾਜਨੀਤੀ ਨੂੰ ਪ੍ਰਚਾਰਨ ਦਾ ਕੰਮ ਨਹੀਂ ਕਰੇਗਾ। ਇਸਦਾ ਮਤਲਬ ਹਰਗਿਜ਼ ਇਹ ਨਹੀਂ ਕਿ ਇਹ ਰਾਜਨੀਤੀ ਤੋਂ ਨਿਰਲੇਪ ਹੋਵੇਗਾ। ਇਸਦਾ ਸਾਫ ਅਤੇ ਸਪੱਸ਼ਟ ਮਤਲਬ ਇਹ ਹੈ ਕਿ ਇਸਦੀ 'ਰਾਜਨੀਤੀ' ਇਸਦਾ ਆਪਣਾ ਐਲਾਨਨਾਮਾ, ਇਸਦੇ ਆਪਣੇ ਉਦੇਸ਼ ਹੋਣਗੇ। ਇਸਦੀ ਜਥੇਬੰਦਕ ਬਣਤਰ ਲਈ, ਜਮਹੂਰੀ ਕਾਰਜ ਸ਼ੈਲੀ ਲਈ ਇਸਦਾ ਆਪ ਵਿਚਾਰਾਂ ਕਰਕੇ ਘੜਿਆ ਵਿਧਾਨ ਹੋਵੇਗਾ। ਇਹ ਪੰਜਾਬ ਭਰ ਦੇ ਸਾਹਿਤਕਾਰਾਂ/ਸਭਿਆਚਾਰਕ ਕਾਮਿਆਂ ਦਾ ਖ਼ੁਦ-ਮੁਖ਼ਤਾਰ ਅਦਾਰਾ ਹੋਵੇਗਾ ਜਿਸਦੇ ਚੋਟ-ਨਿਸ਼ਾਨੇ ਬਹੁਤ ਹੀ ਸਾਫ ਅਤੇ ਸਪਸ਼ਟ ਹੋਣਗੇ। ਇਹ ਸਾਂਝਾ ਮੰਚ ਬੇਕਿਰਕੀ ਨਾਲ ਲੱਚਰ, ਅਸ਼ਲੀਲ, ਬਾਜ਼ਾਰੂ, ਬਿਮਾਰ, ਅੰਧਵਿਸ਼ਵਾਸ ਭਰੇ, ਲੋਕ-ਦੋਖੀ ਸਾਹਿਤ/ਸਭਿਆਚਾਰ ਉਪਰ ਕਰਾਰਾ ਹੱਲਾ ਬੋਲੇਗਾ, ਇਸਦੀ ਜਨਮ-ਭੋਇੰ ਅਤੇ ਉਸਦੇ ਮਕਸਦਾਂ ਦਾ ਪਰਦਾਫਾਸ਼ ਕਰੇਗਾ। ਲੋਕਾਂ ਦੀ ਮੁਕਤੀ ਲਈ ਇਨਕਲਾਬੀ ਸਭਿਆਚਾਰ ਦੀ ਜਗਦੀ ਮਸ਼ਾਲ ਲੈ ਕੇ ਹਰ ਵੰਨਗੀ ਦੇ ਹਨੇਰੇ ਚੀਰ ਸੁੱਟਣ ਲਈ ਲੋਕਾਂ ਦੀ ਧੁਰ ਅੰਦਰ ਤੱਕ ਜਾਵੇਗਾ।

ਇਨ੍ਹਾਂ ਵਿਚਾਰਾਂ ਨੇ ਰੰਗਮੰਚ ਟੋਲੀਆਂ ਅਤੇ ਪੰਜਾਬ ਭਰ ਤੋਂ ਪੁੱਜੇ ਸਾਹਿਤਕਾਰਾਂ/ਬੁੱਧੀਜੀਵੀਆਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਇਸ ਦਿਨ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੀ ਨੀਂਹ ਰੱਖੀ ਗਈ। ਇਸ ਉਪਰੰਤ ਇਸਦੀ ਬਕਾਇਦਾ ਮਾਹਿਲ ਮਹਿਲਾਂ (ਜਲੰਧਰ) ਵਿਖੇ ਵਿਸ਼ੇਸ਼ ਕਨਵੈਨਸ਼ਨ ਕਰਕੇ ਪਲਸ ਮੰਚ ਦਾ ਐਲਾਨ ਕਰਨਾ ਆਦਿ ਵਿਧਾਨ ਪਾਸ ਕੀਤੇ ਗਏ। ਨਸਰਾਲੀ ਵਿਖੇ ਬਣੀ ਪਲਸ ਮੰਚ ਦੀ ਤਿਆਰੀ ਕਮੇਟੀ ਨੇ ਮਾਹਿਲ ਮਹਿਲਾ ਕਨਵੈਨਸ਼ਨ ਤੱਕ ਵਿਸ਼ੇਸ਼ ਭੂਮਿਕਾ ਅਦਾ ਕੀਤੀ। ਇਸ ਕਨਵੈਨਸ਼ਨ ਦੇ ਲਈ ਸੂਬਾ ਕਮੇਟੀ ਦੀ ਚੋਣ ਕੀਤੀ ਗਈ। ਉਸ ਸਮੇਂ ਭਾਵ 14 ਮਾਰਚ 1982 ਤੋਂ ਹੁਣ ਤੱਕ ਇਹ ਪਲਸ ਮੰਚ ਨਿਰੰਤਰ ਸਰਗਰਮੀ ਕਰਦਾ ਆ ਰਿਹਾ ਹੈ।

ਅਜੋਕੇ ਸਮੇਂ ਦੀ ਲੋੜ ਨੂੰ ਧਿਆਨ 'ਚ ਰੱਖਦਿਆਂ ਡਾ. ਅਨੂਪ ਸਿੰਘ ਹੋਰਾਂ ਦੀ ਹਥਲੀ ਪੁਸਤਕ ਲਈ ਇਹ ਐਲਾਨਨਾਮਾ ਕਾਫੀ ਜਾਇਜ਼ ਸਾਬਤ ਹੋਵੇਗਾ। ਇਸ ਵਿਚਾਰ ਨਾਲ ਇਸਦਾ ਐਨਾਲਨਾਮਾ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।

## *ਪੰਜਾਬ ਲੋਕ ਸਭਿਆਚਾਰਕ ਮੰਚ (ਪ.ਲ.ਸ. ਮੰਚ) ਦਾ ਐਲਾਨਨਾਮਾ*

ਇਹ ਇਕ ਅਟੱਲ ਵਿਆਪਕ ਸੱਚਾਈ ਹੈ ਕਿ ਬ੍ਰਹਿਮੰਡ ਵਿਚ ਕੋਈ ਵੀ ਪਦਾਰਥਕ ਵਜੂਦ ਵਿਰਾਮ ਦੀ ਅਵਸਥਾ ਵਿਚ ਨਹੀਂ ਹੈ ਸਗੋਂ ਲਗਾਤਾਰ ਗਤੀ ਤੇ ਤਬਦੀਲੀ ਦੀ ਪ੍ਰਕਿਰਿਆ ਵਿਚੋਂ ਗੁਜ਼ਰ ਰਿਹਾ ਹੈ। ਪ੍ਰਕਿਰਤੀ ਵਿਗਿਆਨ ਦਾ ਇਹ ਨਿਯਮ ਸਮਾਜੀ ਵਿਗਿਆਨ ਲਈ ਵੀ ਏਨਾ ਹੀ ਸੱਚ ਹੈ। ਕਿਸੇ ਵਿਸ਼ੇਸ਼ ਸਮੇਂ 'ਤੇ ਕੋਈ ਵਿਸ਼ੇਸ਼ ਸਮਾਜ ਆਪਣੀ ਵਿਸ਼ੇਸ਼ ਇਤਿਹਾਸਕ ਅਵਸਥਾ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ। ਇਨ੍ਹਾਂ ਅਵਸਥਾਵਾਂ

ਨੂੰ ਮਾਰਕਸਵਾਦੀ ਸਾਹਿਤ ਵਿਚ ਗੁਲਾਮਦਾਰੀ ਸਮਾਜ, ਜਗੀਰੂ ਸਮਾਜ, ਸਰਮਾਏਦਾਰੀ ਸਮਾਜ, ਸੋਸ਼ਲਿਸਟ ਸਮਾਜ ਆਦਿ ਦਾ ਨਾਮ ਦਿੱਤਾ ਗਿਆ ਹੈ। ਇਹ ਅਵਸਥਾ ਵਿਸ਼ੇਸ਼ ਵੀ ਆਪਣੇ ਆਪ ਵਿਚ ਸਮਾਜ ਦੀ ਵਿਕਾਸਸ਼ੀਲ ਤਬਦੀਲੀ ਦਾ ਇਕ ਸਫ਼ਰ ਹੁੰਦੀ ਹੈ, ਜਿਸ ਅੰਦਰ ਸਮਾਜ ਆਹਿਸਤਾ-ਆਹਿਸਤਾ ਤਬਦੀਲੀ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ ਤੇ ਆਖਰ ਇਕ ਸੀਮਾ 'ਤੇ ਆਣ ਖੜ੍ਹਦਾ ਹੈ ਜਿੱਥੇ ਪੈਦਾਵਾਰੀ ਰਿਸ਼ਤਿਆਂ ਦੇ ਅੜਿੱਕੇ ਸਮਾਜਕ ਵਿਕਾਸ ਦਾ ਰਸਤਾ ਰੋਕ ਕੇ ਖੜ੍ਹ ਜਾਂਦੇ ਹਨ। ਤਦ ਸਮਾਜ ਪੈਦਾਵਾਰੀ ਰਿਸ਼ਤਿਆਂ ਦੇ ਇਸ ਅੜਿੱਕੇ ਨੂੰ ਤੋੜਦਾ ਹੋਇਆ ਅਗਲੀ ਸਮਾਜਕ ਅਵਸਥਾ ਵਿਚ 'ਛਲਾਂਗ' ਮਾਰਦਾ ਹੈ। ਇਸ ਛਲਾਂਗ ਨੂੰ ਹੀ ਕ੍ਰਾਂਤੀ ਦਾ ਨਾਮ ਦਿੱਤਾ ਜਾਂਦਾ ਹੈ। ਸਮਾਜ ਦੀ ਤਬਦੀਲੀ ਤੇ ਵਿਕਾਸ ਨੂੰ ਕਈ ਚਾਲਕਾਂ ਦੁਆਰਾ ਚਲਾਇਆ ਜਾਂਦਾ ਹੈ, ਜਿਨ੍ਹਾਂ ਵਿਚੋਂ ਇਕ ਮਹੱਤਵਪੂਰਨ ਚਾਲਕ ਹੈ ਸਭਿਆਚਾਰ, ਜੋ ਸਮਾਜਕ ਅਵਸਥਾ ਵਿਚੋਂ ਹੀ ਪੈਦਾ ਹੋ ਕੇ ਇਸਦੇ ਮੋੜਵੇਂ ਰੂਪ ਵਿਚੋਂ (ਅਪ੍ਰੈਟ) ਅਸਰ ਅੰਦਾਜ਼ ਹੋ ਕੇ, ਸਮਾਜਕ ਵਿਕਾਸ ਵਿਚ ਆਪਣਾ ਹਿੱਸਾ ਪਾਉਂਦਾ ਹੈ।

ਕਿਸੇ ਸਮਾਜ ਵਿਸ਼ੇਸ਼ ਜਾਂ ਸਮੁਦਾਇ ਲੋਕਾਂ ਦੇ ਕੰਮ-ਕਾਰ, ਖਾਣ-ਪੀਣ, ਰਹਿਣੀ-ਬਹਿਣੀ, ਸਮਾਜਕ ਕੋਦਰਾਂ-ਕੀਮਤਾਂ ਅਤੇ ਰਸਮੋਂ-ਰਿਵਾਜ ਆਦਿ ਸਭ ਮਿਲ ਕੇ ਉਸ ਸਮਾਜ ਜਾਂ ਸਮੁਦਾਇ ਦੇ ਸਭਿਆਚਾਰ ਨੂੰ ਸੰਕਲਿਤ ਕਰਦੇ ਹਨ। ਸਮਾਜ ਦੇ ਵਿਅਕਤੀਆਂ ਦਾ ਉਨ੍ਹਾਂ ਦੀਆਂ ਜੀਵਨ ਸਰਗਰਮੀਆਂ ਦੇ ਸੰਦਰਭ ਵਿਚ ਉਦਘਾਟਿਤ ਤੇ ਪ੍ਰਤੀਬਿੰਬਤ ਹੋਣ ਵਾਲਾ ਸਮਾਜਕ ਮਨੋਵਿਗਿਆਨਕ ਵਤੀਰਾ ਇਸੇ ਸਭਿਆਚਾਰ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ। ਸਭਿਆਚਾਰ ਨੂੰ ਸੰਕਲਿਤ ਕਰਨ ਵਾਲੇ ਉਪ੍ਰੋਕਤ ਸਾਰੇ ਕਾਰਕ (ਫੈਕਟਰਜ਼) ਸਮਾਜ ਦੀ ਅਵਸਥਾ ਦੀ ਹੀ ਪੈਦਾਵਾਰ ਹੁੰਦੇ ਹਨ ਤੇ ਸਮਾਜ ਦੀ ਅਵਸਥਾ ਦੀ ਪਹਿਚਾਣ ਉਸਦੇ ਪੈਦਾਵਾਰੀ ਰਿਸ਼ਤਿਆਂ ਭਾਵ ਆਰਥਿਕ ਆਧਾਰ 'ਤੋਂ ਕੀਤੀ ਜਾਂਦੀ ਹੈ। ਸੋ ਸਮਾਜ ਦਾ ਆਰਥਕ ਆਧਾਰ (ਜਿਸਨੂੰ ਪੈਦਾਵਾਰੀ ਰਿਸ਼ਤੇ ਚਰਿੱਤਰਦੇ ਹਨ) ਹੀ ਸਮਾਜ ਦੇ ਸਭਿਆਚਾਰ ਦਾ ਉਤਪਾਦਕ (ਜਨਰੇਟਰ) ਹੁੰਦਾ ਹੈ। ਇਹ ਸ਼ਭਿਆਚਾਰ 'ਸੁਭਾਵਿਕ ਸਭਿਆਚਾਰ' ਹੈ, ਜਿਸਨੂੰ ਸਮਾਜ ਦੇ ਲੋਕੀ ਬੜੇ ਹੀ ਸੁਭਾਵਕ ਤੇ ਪ੍ਰਤੱਖ ਢੰਗ ਨਾਲ ਜਿਉਂਦੇ ਹਨ। ਸਮਾਜਕ ਤਬਦੀਲੀ ਤੇ ਵਿਕਾਸ ਦੇ ਨਾਲ-ਨਾਲ, ਸਮਾਜ ਦੇ ਸਭਿਆਚਾਰ ਵਿਚ ਵੀ ਉਸੇ ਕਿਸਮ ਦੀਆਂ ਤਬਦੀਲੀਆਂ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ ਤੇ ਸਭਿਆਚਾਰ ਦੀਆਂ ਇਹ ਤਬਦੀਲੀਆਂ ਫਿਰ ਮੋੜਵੇਂ ਰੂਪ 'ਚ ਸਮਾਜ ਦੇ ਵਿਕਾਸ 'ਤੇ ਆਪਣਾ ਅਸਰ ਪਾਉਂਦੀਆਂ ਹਨ। ਸੋ ਸਮਾਜ ਦੇ ਆਰਥਕ ਅਧਾਰ ਤੋਂ ਪੈਦਾ ਹੋਇਆ ਸਭਿਆਚਾਰ ਸਮਾਜ 'ਤੇ ਮੋੜਵੇਂ ਰੂਪ ਵਿਚ ਅਸਰ ਅੰਦਾਜ਼ ਹੁੰਦਾ ਹੈ ਅਤੇ ਸਮਾਜ ਤੇ ਸਭਿਆਚਾਰ ਦੀ ਇਹ ਪ੍ਰਸਪਰ ਅੰਤਰਕਿਰਿਆ ਸਮਾਜ ਤੇ ਸਭਿਆਚਾਰ ਦੋਨਾਂ ਦੇ ਸਾਥ-ਸਾਥ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ 'ਸੁਭਾਵਕ ਸਭਿਆਚਾਰ' ਵਿਚੋਂ ਉੱਠ ਕੇ ਜਦੋਂ ਸਮਾਜ ਦੇ ਬੁੱਧੀਜੀਵੀ ਅਤੇ ਕਲਾਕਾਰ ਆਪਣੀਆਂ ਕਲਾ-ਕਿਰਤਾਂ ਤੇ ਪੇਸ਼ਕਾਰੀ ਰਾਹੀਂ ਸਮਾਜਕ ਜੀਵਨ ਨੂੰ ਚਿਤਰਦੇ ਹਨ ਤਾਂ ਦੋ ਪ੍ਰਸਪਰ ਵਿਰੋਧੀ ਸਭਿਆਚਾਰਕ ਗਰੁੱਪਾਂ ਦਾ ਜਨਮ ਹੁੰਦਾ ਹੈ। ਇਕ ਲੋਕ-ਪੱਖੀ ਸਭਿਆਚਾਰਕ ਗਰੁੱਪ ਅਤੇ ਦੂਜਾ ਲੋਕ-ਵਿਰੋਧੀ ਸਭਿਆਚਾਰਕ ਗਰੁੱਪ। ਜੋ ਸਾਹਿਤਕਾਰ ਜਾਂ ਕਲਾਕਾਰ ਆਪਣੀਆਂ

ਕਲਾ-ਕਿਰਤਾਂ ਜਾਂ ਪੇਸ਼ਕਾਰੀ ਦੁਆਰਾ ਲੋਕਾਂ ਦੀ ਸੋਚ ਨੂੰ ਸਮਾਜਕ ਵਿਕਾਸ ਦੀ ਦਿਸ਼ਾ ਭਾਵ ਕ੍ਰਾਂਤੀ ਦੀ ਦਿਸ਼ਾ ਵਿਚ ਸੇਧਤ ਕਰਨ ਲਈ ਕਰਮਸ਼ੀਲ ਹਨ, ਉਨ੍ਹਾਂ ਨੂੰ ਅਸੀਂ ਲੋਕ-ਪੱਖੀ, ਪ੍ਰਗਤੀਸ਼ੀਲ ਜਾਂ ਕ੍ਰਾਂਤੀਕਾਰੀ ਕਲਾਕਾਰਾਂ ਦਾ ਨਾਮ ਦਿੰਦੇ ਹਾਂ। ਉਨ੍ਹਾਂ ਦੁਆਰਾ ਪ੍ਰਚਾਰਿਆ ਜਾਂਦਾ ਸਭਿਆਚਾਰ ਲੋਕ-ਪੱਖੀ ਸਭਿਆਚਾਰ ਹੈ। ਇਸ ਲੋਕ-ਪੱਖੀ ਸਭਿਆਚਾਰਕ ਗਰੁੱਪ ਦੇ ਘੇਰੇ ਵਿਚ ਸਾਰੇ ਪ੍ਰਗਤੀਸ਼ੀਲ-ਕ੍ਰਾਂਤੀਕਾਰੀ, ਸਾਹਿਤਕਾਰ, ਚਿੱਤਰਕਾਰ, ਸਾਹਿਤਕ ਪੱਤਰਕਾਵਾਂ ਤੇ ਪ੍ਰਕਾਸ਼ਨਾਵਾਂ, ਨਾਟਕ ਮੰਡਲੀਆਂ ਦੇ ਹੋਰ ਕਲਾਕਾਰ ਆ ਜਾਂਦੇ ਹਨ। ਸਾਰੇ ਲੋਕ-ਪੱਖੀ ਸਭਿਆਚਾਰਕ ਗੁੱਟ ਤੇ ਤਾਕਤਾਂ ਅਲੱਗ-ਅਲੱਗ ਹੁੰਦੇ ਹੋਏ ਵੀ, ਇਕ ਸਾਂਝਾ ਸੁਭਾਵਿਕ ਗਰੁੱਪ ਸੰਕਲਿਤ ਕਰਦੇ ਹਨ ਕਿਉਂਕਿ ਉਹ ਸਾਂਝੇ ਉਦੇਸ਼ ਲਈ ਕਰਮਸ਼ੀਲ ਹੁੰਦੇ ਹਨ ਤੇ ਇਹੀ ਤੱਥ ਉਨ੍ਹਾਂ ਨੂੰ ਇਕ ਸਾਂਝਾ ਗਰੁੱਪ ਚਰਿੱਤਰ ਬਖਸ਼ਦਾ ਹੈ। ਉਨ੍ਹਾਂ ਦਾ ਸਾਂਝਾ ਉਦੇਸ਼ ਉਨ੍ਹਾਂ ਦੀ ਇਸ ਸੁਭਾਵਿਕ ਕਾਰਜ ਏਕਤਾ ਨੂੰ ਤਹਿ ਕਰਦਾ ਹੈ ਕਿ ਉਨ੍ਹਾਂ ਦੁਆਰਾ ਪ੍ਰਚਾਰਿਆ ਜਾਂਦਾ ਸਭਿਆਚਾਰ, ਲੋਕਾਂ ਦੀ ਸੋਚ 'ਤੇ ਅਸਰ-ਅੰਦਾਜ਼ ਹੁੰਦਾ ਹੋਇਆ, ਉਸਨੂੰ ਸਮਾਜਕ ਵਿਕਾਸ ਦੀ ਦਿਸ਼ਾ ਵਿਚ ਸੇਧਤ ਕਰਦਾ ਹੈ ਤੇ ਇੰਝ ਲੋਕਾਂ ਨੂੰ ਕ੍ਰਾਂਤੀ ਦੀ ਦਿਸ਼ਾ ਵਿਚ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ। ਏਕੀਕ੍ਰਿਤ ਰੂਪ ਵਿਚ ਏਸੇ ਹੀ ਸੁਭਾਵਿਕ ਕਾਰਜ ਏਕਤਾ ਨੂੰ ਅਧਾਰ ਬਣਾ ਕੇ ਪੰਜਾਬ ਦੇ ਸਾਰੇ ਲੋਕ-ਪੱਖੀ ਸਭਿਆਚਾਰਕ ਕਾਮਿਆਂ ਨੂੰ ਸੁਚੇਤ ਰੂਪ ਵਿਚ ਇਕੱਠਿਆਂ ਕਰਨ ਦਾ ਬੀੜਾ "ਪੰਜਾਬ ਲੋਕ ਸਭਿਆਚਾਰਕ ਮੰਚ" ਚੁੱਕ ਰਿਹਾ ਹੈ।

ਸਾਹਿਤਕਾਰਾਂ ਤੇ ਕਲਾਕਾਰਾਂ ਦਾ ਦੂਜਾ ਗਰੁੱਪ ਜੋ ਆਪਣੀਆਂ ਕਲਾ-ਕਿਰਤਾਂ ਰਾਹੀਂ ਲੋਕਾਂ ਦੀ ਸੋਚ ਨੂੰ ਸਮਾਜਕ ਵਿਕਾਸ ਤੋਂ ਉਲਟ ਦਿਸ਼ਾ ਵਿਚ ਸੇਧਤ ਕਰਨ ਲਈ ਕਰਮਸ਼ੀਲ ਹੈ, ਉਸ ਨੂੰ ਅਸੀਂ ਲੋਕ-ਵਿਰੋਧੀ ਸਭਿਆਚਾਰਕ ਗਰੁੱਪ ਦਾ ਨਾਮ ਦਿੰਦੇ ਹਾਂ। ਇਹ ਗਰੁੱਪ ਵਿਵਸਥਾ ਦਾ ਹਾਮੀ ਅਤੇ ਅੰਗ-ਪਾਲਕ ਹੋਣ ਕਰਕੇ, ਸਮੇਂ ਦੀ ਹਕੂਮਤ ਵੱਲੋਂ ਹਰ ਤਰ੍ਹਾਂ ਦੀਆਂ ਸਹੂਲਤਾਂ ਮਾਣਦਾ ਹੋਇਆ ਸਾਰੇ ਪ੍ਰਚਾਰ, ਸੰਚਾਰ ਸਾਧਨਾਂ ਦੀ ਪੂਰੀ ਵਰਤੋਂ ਕਰਦਾ ਹੈ। ਇਕ ਪਾਸੇ ਇਹ ਪਿਛਾਖੜੀ ਵਿਵਸਥਾ ਦੇ ਗੁਣ ਗਾ ਕੇ ਉਸਨੂੰ ਲੋਕਾਂ ਦੇ ਮਨਾਂ ਵਿਚ ਸਥਾਪਤ ਕਰਨ ਲਈ ਸਰਗਰਮ ਰਹਿੰਦਾ ਹੈ ਤੇ ਦੂਜੇ ਪਾਸੇ ਲੱਚਰ ਸਾਹਿਤ, ਗੰਦੇ ਗੀਤਾਂ ਦੇ ਰਿਕਾਰਡਾਂ, ਕਾਮ ਉਕਸਾਊ ਫਿਲਮਾਂ, ਲੱਚਰ ਰਸਾਲਿਆਂ, ਮਜ਼ਬੀ ਤੁਅੱਸਬਪੁਣੇ ਆਦਿ ਰਾਹੀਂ ਲੋਕਾਂ ਦੀ ਸੋਚ ਨੂੰ ਭਟਕਾਉਣ, ਖੁੰਡਿਆਂ ਕਰਨ ਅਤੇ ਸੁਆਉਣ ਦੀ ਕਮੀਨੀ ਕੋਸ਼ਿਸ਼ ਵਿਚ ਰਹਿੰਦਾ ਹੈ।

ਪੰਜਾਬ ਲੋਕ ਸਭਿਆਚਾਰਕ ਮੰਚ, ਐਸੇ ਸਭਿਆਚਾਰਕ ਕਾਮਿਆਂ ਦੀ ਜਥੇਬੰਦੀ ਹੈ ਜਿਨ੍ਹਾਂ ਦਾ ਕੰਮ ਲੋਕ-ਵਿਰੋਧੀ ਸਭਿਆਚਾਰਕ ਗਰੁੱਪ ਦੇ ਉਪਰੋਕਤ ਸਾਰੇ ਪਹਿਲੂਆਂ ਨੂੰ ਨਿਖੇੜਦੇ ਹੋਏ ਸਭਿਆਚਾਰ ਦੇ ਖੇਤਰ ਵਿਚ ਸਕਾਰਾਤਮਕ ਪਹਿਲੂਆਂ ਨੂੰ ਸਥਾਪਤ ਕਰਦੇ ਹੋਏ ਮੌਜੂਦਾ ਗਲੇ-ਸੜੇ ਨਿਜ਼ਾਮ ਨੂੰ ਬਦਲ ਸੁੱਟਣ ਲਈ ਲੋਕਾਂ ਨੂੰ ਪ੍ਰੇਰਿਤ ਕਰਨਾ ਹੈ।

ਲੋਕ-ਪੱਖੀ ਸਭਿਆਚਾਰਕ ਗਰੁੱਪ ਕੋਲ ਬੜੇ ਹੀ ਸੀਮਤ ਸੰਚਾਰ ਸਾਧਨ ਹਨ, ਜਿਨ੍ਹਾਂ ਦੀ ਉਹ ਬੜੇ ਹੀ ਸੀਮਤ ਰੂਪ 'ਚ ਵਰਤੋਂ ਕਰ ਸਕਦਾ ਹੈ। ਇਨ੍ਹਾਂ ਸੀਮਤ ਸੰਚਾਰ ਸਾਧਨਾਂ ਦੀ ਸੀਮਤ ਰੂਪ ਵਿਚ ਵਰਤੋਂ ਕਰਦੇ ਹੋਏ ਵੀ ਲੋਕ-ਪੱਖੀ ਸਭਿਆਚਾਰਕ ਤਾਕਤਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਲੋਕ-ਪੱਖੀ ਸਭਿਆਚਾਰ ਦੇ ਸੰਚਾਰ ਤੇ ਵਿਕਾਸ ਲਈ

ਲਾਜ਼ਮੀ ਬਣ ਜਾਂਦਾ ਹੈ ਕਿ ਅਸੀਂ ਪੰਜਾਬ ਦੇ ਸਾਰੇ ਪ੍ਰਗਤੀਸ਼ੀਲ ਕ੍ਰਾਂਤੀਕਾਰੀ, ਸਾਹਿਤਕਾਰ ਤੇ ਕਲਾਕਾਰ ਆਪਣੀਆਂ ਅਲੱਗ-ਅਲੱਗ ਤਾਕਤਾਂ ਜਾਂ ਗੁੱਟਾਂ ਦਾ ਏਕੀਕਰਣ ਕਰਦੇ ਹੋਏ ਇਕ ਵਿਸ਼ਾਲ ਸਾਂਝੇ ਸਭਿਆਚਾਰਕ ਮੋਰਚੇ ਵਿਚ ਇਕੱਠੇ ਹੋ ਜਾਈਏ।

ਪੰਜਾਬ ਲੋਕ ਸਭਿਆਚਾਰਕ ਮੰਚ ਐਸੇ ਸਾਹਿਤਕਾਰਾਂ-ਕਲਾਕਾਰਾਂ ਦੀ ਜਥੇਬੰਦੀ ਹੈ ਜੋ ਇਹ ਸਪੱਸ਼ਟ ਰੂਪ ਵਿਚ ਸਮਝਦੇ ਹਨ ਕਿ ਸਾਡਾ ਕੰਮ ਨਿਸਚੇ ਹੀ ਸਮਾਜ, ਇਸਦੇ ਵਿਕਾਸ ਤੇ ਇਸ ਨਾਲ ਸਬੰਧਤ ਸਾਰੇ ਕਾਰਕਾਂ ਜਿਵੇਂ ਕਿਰਤ ਦੀ ਲੁੱਟ-ਚੋਂਘ, ਜਬਰ-ਜ਼ੁਲਮ, ਮਨੁੱਖੀ ਹੱਕਾਂ, ਗਲ-ਸੜ ਰਹੀ ਮੌਜੂਦਾ ਵਿਵਸਥਾ ਖ਼ਿਲਾਫ ਸੰਘਰਸ਼, ਸਮਾਜ ਵਿਚ ਵਿਚਰ ਰਹੇ ਵਿਅਕਤੀ ਦੇ ਮਾਨਸਿਕ ਤਣਾਉ ਆਦਿ ਬਾਰੇ ਹੋਣਾ ਚਾਹੀਦਾ ਹੈ। ਸਾਡਾ ਕੰਮ ਨਿਸਚੇ ਹੀ ਆਪਣੇ ਸਮਾਜ ਦੇ ਉਨ੍ਹਾਂ ਵਿਸ਼ਾਲ ਮਿਹਨਤਕਸ਼ ਲੋਕਾਂ ਲਈ ਹੋਵੇਗਾ ਜੋ ਇਤਿਹਾਸ ਦੀ ਸਿਰਜਣ ਸ਼ਕਤੀ ਹਨ। ਇਸ ਸਮਾਜ ਵਿਚ ਮੌਜੂਦਾ ਵਿਵਸਥਾ ਦੇ ਸਦਕਾ ਲੁੱਟ-ਚੋਂਘ ਤੇ ਜਬਰ ਦੇ ਸ਼ਿਕਾਰ ਲੋਕਾਂ ਨੂੰ ਮਨੁੱਖੀ ਅਧਿਕਾਰਾਂ ਤੋਂ ਜਾਗਰੂਕ ਕਰਦੇ ਹੋਏ ਵਿਵਸਥਾ-ਪੱਖੀ ਲੋਕ-ਵਿਰੋਧੀ ਤਾਕਤਾਂ ਤੋਂ ਸੁਚੇਤ ਕਰਦੇ ਹੋਏ, ਲਾਮਬੰਦ ਹੋ ਕੇ ਆਪਣੀ ਮੁਕਤੀ ਲਈ ਸੰਘਰਸ਼ਸ਼ੀਲ ਹੋਣ ਲਈ ਪ੍ਰੇਰਨਾ ਦੇਣਾ ਸਾਡੀਆਂ ਕਿਰਤਾਂ ਦਾ ਇਕ ਮਨੋਰਥ ਬਣਨਾ ਚਾਹੀਦਾ ਹੈ।

ਕਿਉਂਕਿ ਲੋਕ-ਪੱਖੀ ਸਭਿਆਚਾਰਕ ਕਾਮਿਆਂ ਨੇ ਲੋਕਾਂ ਦੀ ਸੋਚ ਨੂੰ ਵਿਕਸਿਤ ਕਰਕੇ ਉਸ ਨੂੰ ਕ੍ਰਾਂਤੀ ਦੀ ਦਿਸ਼ਾ ਵਿਚ ਸੇਧਤ ਕਰਨਾ ਹੈ, ਇਸ ਲਈ ਉਨ੍ਹਾਂ ਨੂੰ ਲੋਕਾਂ ਨਾਲ ਬਹੁਤ ਨੇੜੇ ਦਾ ਰਿਸ਼ਤਾ ਕਾਇਮ ਕਰਨਾ ਹੋਵੇਗਾ। ਉਨ੍ਹਾਂ ਨੂੰ ਲੋਕਾਂ ਦੀ ਜ਼ਿੰਦਗੀ ਵਿਚ ਘੁਲ-ਮਿਲ ਕੇ ਉਨ੍ਹਾਂ ਦੀਆਂ ਮੁਸ਼ਕਲਾਂ, ਦੁੱਖਾਂ, ਕਲੇਸ਼ਾਂ ਦੀਆਂ ਜੜ੍ਹਾਂ ਤੱਕ ਪਹੁੰਚਣਾ ਹੋਏਗਾ, ਉਨ੍ਹਾਂ ਦੇ ਅਹਿਸਾਸਾਂ 'ਚੋਂ ਧੜਕਣਾ ਹੋਏਗਾ। ਇਸ ਤਰ੍ਹਾਂ ਅਸੀਂ ਲੋਕਾਂ ਦੇ ਜੀਵਨ ਨਾਲ ਜੁੜ ਕੇ ਹੀ ਉਨ੍ਹਾਂ ਤੋਂ ਸਿੱਖਦੇ ਹੋਏ ਉਨ੍ਹਾਂ ਨੂੰ ਸਿੱਖਿਅਤ ਕਰਨ ਦਾ ਮਹੱਤਵਪੂਰਨ ਕਾਰਜ ਨਿਭਾ ਸਕਦੇ ਹਾਂ। ਸਾਡੀਆਂ ਰਚਨਾਵਾਂ, ਕਲਾ-ਕਿਰਤਾਂ ਤੇ ਪੇਸ਼ਕਾਰੀਆਂ, ਸਮੇਂ ਤੇ ਸਥਾਨ ਦੇ ਸੰਦਰਭ 'ਚ ਵੀ ਲੋਕਾਂ ਨਾਲੋਂ ਨਿੱਖੜੀਆਂ ਹੋਈਆਂ ਨਹੀਂ ਹੋਣੀਆਂ ਚਾਹੀਦੀਆਂ। ਅਸੀਂ ਪ੍ਰਗਤੀਸ਼ੀਲ ਕਲਾਕਾਰਾਂ ਨੇ ਅਤੀਤ ਦੀ ਪ੍ਰਗਤੀਸ਼ੀਲ ਪਰੰਪਰਾ 'ਚੋਂ ਉੱਠਦੇ ਹੋਏ ਵਰਤਮਾਨ ਵਿਚ ਵਿਚਰਦਿਆਂ ਭਵਿੱਖ ਵੱਲ ਕਦਮ ਪੁੱਟਣੇ ਹਨ। ਪੰਜਾਬ ਲੋਕ ਸਭਿਆਚਾਰਕ ਮੰਚ ਐਸੇ ਹੀ ਸਭਿਆਚਾਰਕ ਕਾਮਿਆਂ ਦਾ ਕਾਫ਼ਲਾ ਹੈ। ਲੋਕਾਂ ਦੀ ਜੀਵਨ-ਧਾਰਾ ਨਾਲੋਂ ਨਿੱਖੜ ਕੇ, ਉਨ੍ਹਾਂ ਦੀ ਸੋਚ ਨੂੰ ਅੱਗੇ ਦੀ ਦਿਸ਼ਾ ਵਿਚ ਵਿਕਸਿਤ ਕਰਨ ਦਾ ਕਾਰਜ ਕਦੀ ਨਹੀਂ ਨਿਭਾਇਆ ਜਾ ਸਕਦਾ।

ਦਿਨ-ਬ-ਦਿਨ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਪਛੜੇ ਤੇ ਗ਼ਰੀਬ ਤਬਕਿਆਂ 'ਤੇ ਹੋ ਰਹੇ ਅਤਿਆਚਾਰ, ਮਜ਼ਦੂਰਾਂ-ਕਿਸਾਨਾਂ ਤੇ ਨਿਮਨ ਮੱਧਵਰਗੀ ਲੋਕਾਂ ਦਾ ਹੋ ਰਿਹਾ ਬੇਕਿਰਕ ਸ਼ੋਸ਼ਣ ਤੇ ਦਮਨ, ਪ੍ਰਸ਼ਾਸਨਿਕ ਢਾਂਚੇ ਵਿਚ ਕੈਂਸਰ ਦੀ ਬਿਮਾਰੀ ਵਾਂਗ ਲੱਗਿਆ ਭ੍ਰਿਸ਼ਟਾਚਾਰ, ਕਾਨੂੰਨ ਤੇ ਵਿਵਸਥਾ ਦੇ ਵਿਗੜ ਰਹੇ ਢਾਂਚੇ ਵਿਚ ਆਮ ਨਾਗਰਿਕ ਜੀਵਨ ਵਿਚ ਫੈਲ ਗਈ ਅਸੁਰੱਖਿਆ ਦੀ ਭਾਵਨਾ, ਹਾਕਮ ਜਮਾਤਾਂ ਦੀ ਰਾਜ-ਮਸ਼ੀਨਰੀ ਦੁਆਰਾ ਇਸਤਰੀਆਂ ਅਤੇ ਆਮ ਲੋਕਾਂ 'ਤੇ ਹੋ ਰਹੇ ਅੰਨ੍ਹੇ ਅੱਤਿਆਚਾਰ, ਫਿਰਕਾਪ੍ਰਸਤ, ਇਲਾਕਾਪ੍ਰਸਤ, ਮਜ਼੍ਹਬੀ ਤਾਕਤਾਂ ਦੁਆਰਾ ਲੋਕਾਂ ਦੀਆਂ ਭਾਵਨਾਵਾਂ ਵਿਚ ਜ਼ਹਿਰ ਘੋਲਣ

ਦੀਆਂ ਸਾਜ਼ਸ਼ਾਂ, ਤਰ੍ਹਾਂ-ਤਰ੍ਹਾਂ ਦੇ ਅਖੌਤੀ ਅਧਿਆਤਮਕ ਗੁਰੂਆਂ ਤੇ ਉਨ੍ਹਾਂ ਦੇ ਅਮਲਿਆਂ-ਫੈਲਿਆਂ ਦਾ ਪਸਾਰਾ, ਲੁੱਟ-ਖਸੁੱਟ ਵਿਰੁੱਧ ਜਾਗ੍ਰਿਤ ਹੋ ਰਹੀ ਲੋਕ-ਚੇਤਨਾ ਦੀ ਹੱਤਿਆ ਕਰਨ ਦੇ ਲਈ ਸਾਮਰਾਜੀ ਤਾਕਤਾਂ ਦੁਆਰਾ ਫੈਲਾਇਆ ਜਾ ਰਿਹਾ ਤਲਿਸਮੀ ਸਭਿਆਚਾਰ, ਲੋਕਾਂ ਨੂੰ ਭਟਕਾਉਣ ਤੇ ਉਨ੍ਹਾਂ ਦੀ ਸ਼ਕਤੀ ਗ਼ਲਤ ਦਿਸ਼ਾ ਵਿਚ ਪ੍ਰਵਾਹਿਤ ਕਰਨ ਦੀਆਂ ਹਾਕਮ ਜਮਾਤਾਂ ਦੀਆਂ ਰੰਗ-ਬਰੰਗੀਆਂ ਸਾਜ਼ਸ਼ਾਂ....ਇਹ ਹੈ ਭਾਰਤੀ ਜੀਵਨ ਦੀ ਤਸਵੀਰ ਜਿਸ ਵਿਚੋਂ ਲੋਕ-ਪੱਖੀ ਸਭਿਆਚਾਰਕ ਕਾਮਿਆਂ ਨੇ ਆਪਣੀਆਂ ਕਿਰਤਾਂ ਦੇ ਵਿਸ਼ੇ ਚੁਣਨੇ ਹੋਣਗੇ।

ਗਲ-ਸੜ ਰਹੇ ਮੌਜੂਦਾ ਨਿਜ਼ਾਮ ਦੀ ਇਸ ਤਸਵੀਰ ਵਿਚੋਂ ਉਗਮ ਰਹੀ ਹੈ ਇਕ ਹੋਰ ਤਸਵੀਰ, ਆਪਣੀ ਮੁਕਤੀ ਲਈ ਸੰਗਠਤ ਹੋ ਰਹੇ ਤੇ ਸੰਘਰਸ਼ਾਂ ਦੇ ਰਾਹ ਪੈ ਰਹੇ ਮਿਹਨਤਕਸ਼ ਲੋਕਾਂ ਦੀ ਤਸਵੀਰ। ਪੰਜਾਬ ਲੋਕ ਸਭਿਆਚਾਰਕ ਮੰਚ ਐਸੇ ਸਭਿਆਚਾਰਕ ਕਾਮਿਆਂ ਦਾ ਸੰਗਠਨ ਹੈ, ਜਿਨ੍ਹਾਂ ਨੇ ਆਪਣੇ ਖ਼ੂਨ-ਪਸੀਨੇ ਸੰਗ, ਮਿਹਨਤਕਸ਼ ਲੋਕਾਂ ਦੀ ਇਸ ਤਸਵੀਰ ਵਿਚ ਰੰਗ ਭਰਨੇ ਹਨ।

ਅਸੀਂ ਪੰਜਾਬ ਵਿਚ ਸਾਹਿਤ ਤੇ ਸਭਿਆਚਾਰ ਦੇ ਖੇਤਰ ਵਿਚ ਇਕ ਗੱਲ ਸਪੱਸ਼ਟ ਕਰ ਦੇਣੀ ਚਾਹੁੰਦੇ ਹਾਂ ਕਿ ਅਸੀਂ ਸਭਿਆਚਾਰਕ ਖੇਤਰ ਵਿਚ ਉਸ ਖੁੱਲ੍ਹਦਿਲੀ ਦੇ ਡੱਟ ਕੇ ਵਿਰੋਧੀ ਹਾਂ ਜੋ ਇਕ ਲੱਚਰ, ਬਜ਼ਾਰੂ, ਸਰਕਾਰੂ ਸਾਹਿਤਕਾਰ ਤੋਂ ਲੈ ਕੇ ਕ੍ਰਾਂਤੀਕਾਰੀ ਸਾਹਿਤਕਾਰ ਤੱਕ ਸਭ ਕੁਝ ਆਪਣੇ ਵਿਚ ਸਮੋ ਲੈਣ ਦੀ ਧਾਰਨੀ ਹੈ ਕਿਉਂਕਿ ਅਸੀਂ ਮੰਚ ਦੀ ਉਸਾਰੀ ਲੋਕ-ਪੱਖੀ ਸਭਿਆਚਾਰ ਨੂੰ ਅਗਾਂਹ ਖੜਨ ਦੇ ਮਹੱਤਵਪੂਰਨ ਕੰਮ ਨੂੰ ਨਿਭਾਉਣ ਲਈ ਕਰ ਰਹੇ ਹਾਂ ਨਾ ਕਿ ਨਿਰੇ-ਪੁਰੇ ਜੋੜ-ਮੇਲੇ ਲਗਾ ਕੇ ਮਨੋਰੰਜਨ ਕਰਨ ਲਈ। ਇਸਦੇ ਨਾਲ ਹੀ ਅਸੀਂ ਸਭਿਆਚਾਰਕ ਖੇਤਰ ਵਿਚ ਕਿਸੇ ਕਿਸਮ ਦੀ ਰਾਜਸੀ ਤੰਗਨਜ਼ਰੀ ਅਪਣਾਉਣ ਦੇ ਵੀ ਵਿਰੁੱਧ ਹਾਂ।

ਇਸਦਾ ਮਤਲਬ ਇਹ ਬਿਲਕੁੱਲ ਨਹੀਂ ਕਿ ਅਸੀਂ ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਰਾਜਨੀਤੀ ਤੋਂ ਦੂਰ ਰਹਿਣ ਦੀ ਸਲਾਹ ਦਿੰਦੇ ਹਾਂ। ਪੰਜਾਬ ਲੋਕ ਸਭਿਆਚਾਰਕ ਮੰਚ ਦੇ ਇਸ ਐਲਾਨਨਾਮੇ ਵਿਚੋਂ ਇਸ ਮੰਚ ਦੀ ਰਾਜਨੀਤੀ ਸਪੱਸ਼ਟ ਹੀ ਹੈ। ਲੋਕਾਂ ਦੀ ਸੋਚ ਨੂੰ ਸਮਾਜਕ ਵਿਕਾਸ ਦੀ ਦਿਸ਼ਾ ਵਿਚ ਭਾਵ ਕ੍ਰਾਂਤੀ ਦੀ ਦਿਸ਼ਾ ਵਿਚ ਸੇਧਤ ਕਰਨ ਦੀ ਰਾਜਨੀਤੀ, ਲੋਕ-ਪੱਖੀ ਰਾਜਨੀਤੀ। ਇਸ ਤੋਂ ਇਲਾਵਾ ਇਸ ਮੰਚ ਵਿਚ ਰਹਿੰਦੇ ਹੋਏ ਘੱਟੋ-ਘੱਟ ਸਾਂਝੇ (ਯੂਨੀਫਾਈਡ) ਪ੍ਰੋਗਰਾਮ ਅਤੇ ਰਾਜਨੀਤੀ 'ਤੇ ਅਧਾਰਤ ਇਸ ਐਲਾਨਨਾਮੇ 'ਤੇ ਪਹਿਰਾ ਦਿੰਦੇ ਹੋਏ, ਕੋਈ ਵੀ ਸਾਹਿਤਕਾਰ ਜਾਂ ਕਲਾਕਾਰ ਆਪਣੀਆਂ ਕਿਰਤਾਂ ਵਿਚ ਕਿਸੇ ਵੀ ਰਾਜਨੀਤਕ ਨਿਰਨੇ ਜਾਂ ਰਾਜਨੀਤੀ ਵਿਸ਼ੇਸ਼ ਨੂੰ ਪੇਸ਼ ਕਰੇ, ਉਸ 'ਤੇ ਕੋਈ ਪਾਬੰਦੀ ਨਹੀਂ।

ਪੰਜਾਬ ਲੋਕ ਸਭਿਆਚਾਰਕ ਮੰਚ ਆਪਣੇ ਹੇਠ ਲਿਖੇ ਮੁੱਖ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਸਿਰਤੋੜ ਯਤਨ ਕਰੇਗਾ:-

(1) ਸਾਹਿਤ ਦੇ ਖੇਤਰ ਵਿਚ ਪ੍ਰਕਾਸ਼ਨਾਵਾਂ ਕਰਨੀਆਂ।

(2) ਕੁਸ਼ਲ ਕ੍ਰਾਂਤੀਕਾਰੀ ਗਾਇਕਾਂ ਦੀ ਆਵਾਜ਼ ਵਿਚ ਕ੍ਰਾਂਤੀਕਾਰੀ ਗੀਤ ਰਿਕਾਰਡ ਕਰਵਾ ਕੇ ਲੋਕਾਂ 'ਚ ਲਿਜਾਣੇ।

(3) ਉਚਿਤ ਸਿਖਲਾਈ ਤੇ ਲਗਾਤਾਰ ਅਭਿਆਸ ਦੁਆਰਾ ਆਪਣੀਆਂ ਨਾਟਕ-ਮੰਡਲੀਆਂ ਦੀ ਅਦਾਕਾਰੀ ਤੇ ਅਭਿਨੈ ਕੌਸ਼ਲਤਾ ਦੇ ਮਿਆਰ ਨੂੰ ਹੋਰ ਵਧੇਰੇ ਕਲਾਮਈ ਤੇ ਪ੍ਰਭਾਵਸ਼ਾਲੀ ਬਣਾਉਣ ਦੀ ਕੋਸ਼ਿਸ਼ ਕਰਨੀ।

(4) ਆਪਣੀ ਪੇਸ਼ਕਾਰੀ ਵਿਚ ਸੰਗੀਤ ਦੇ ਉਚਿਤ ਪ੍ਰਯੋਗ ਦਾ ਪ੍ਰਬੰਧ ਕਰਨਾ।

(5) ਲੋਕ-ਪੱਖੀ ਸਾਹਿਤ-ਸਭਿਆਚਾਰ ਦੇ ਪ੍ਰਚਾਰ ਪ੍ਰਸਾਰ ਤੇ ਸੰਚਾਰ ਲਈ ਪੋਸਟਰਾਂ, ਮੈਗਜ਼ੀਨਾਂ, ਭੰਗੜਾ, ਨਕਲਾਂ, ਸਟਰੀਟ ਪਲੇਅ ਆਦਿ ਰੂਪਾਂ ਨੂੰ ਵੀ ਮਾਧਿਅਮ ਦੇ ਤੌਰ 'ਤੇ ਅਪਣਾਉਣਾ।

(6) ਲੋਕ-ਪੱਖੀ ਸਭਿਆਚਾਰ ਦੇ ਪ੍ਰਚਾਰ, ਸੰਚਾਰ, ਪ੍ਰਸਾਰ ਲਈ ਮੇਲੇ, ਵਰਕਸ਼ਾਪਾਂ ਆਯੋਜਤ ਕਰਨੀਆਂ।

(7) ਲੋਕ-ਪੱਖੀ ਸਭਿਆਚਾਰ ਦੇ ਖੇਤਰ ਵਿਚ ਅਲੱਗ-ਅਲੱਗ ਪੱਧਰ 'ਤੇ ਸਭਿਆਚਾਰ ਮੁਕਾਬਲੇ ਕਰਵਾਉਣੇ ਅਤੇ ਇਨਾਮ ਸਨਮਾਨ ਦੇ ਕੇ ਪੁੰਗਰਦੇ ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਕਰਨੀ।

(8) ਸਾਥੋਂ ਵਿੱਛੜ ਗਏ ਲੋਕ-ਪੱਖੀ ਸਾਹਿਤਕਾਰਾਂ, ਕਲਾਕਾਰਾਂ ਦੀ ਯਾਦ 'ਚ ਸਮਾਗਮ ਕਰਵਾਉਣੇ।

ਪੰਜਾਬ ਲੋਕ ਸਭਿਆਚਾਰਕ ਮੰਚ, ਪੰਜਾਬ ਦੇ ਸਮੁੱਚੇ ਲੋਕ-ਪੱਖੀ ਸਾਹਿਤਕਾਰਾਂ/ਕਲਾਕਾਰਾਂ ਨੂੰ ਸੱਦਾ ਦਿੰਦਾ ਹੈ ਕਿ ਆਓ, ਇਸ ਸਾਂਝੇ ਸਭਿਆਚਾਰਕ ਮੋਰਚੇ ਵਿਚ ਇਕੱਠੇ ਹੋ ਕੇ ਭਾਰਤ ਦੀ ਮਿਹਨਤਕਸ਼ ਜਨਤਾ ਦੇ ਮੁਕਤੀ ਸੰਘਰਸ਼ ਵਿਚ ਆਪਣਾ ਬਣਦਾ ਹਿੱਸਾ ਪਾਈਏ।

14 ਮਾਰਚ 1982 ਦਾ ਇਹ ਐਲਾਨਨਾਮਾ ਅੱਜ ਵੀ ਪ੍ਰਸੰਗਿਕ ਹੈ। ਸਮੇਂ ਨੇ ਇਸਦੀ ਆਧਾਰਸ਼ਿਲਾ ਅਤੇ ਮਾਰਗ-ਸੇਧ ਉਪਰ ਮੋਹਰ ਲਗਾਈ ਹੈ। ਕਾ. ਗੁਰਸ਼ਰਨ ਸਿੰਘ ਦੀ ਸਰਪ੍ਰਸਤੀ ਅਤੇ ਪ੍ਰਧਾਨਗੀ ਹੇਠ ਪਲਸ ਮੰਚ ਨੇ ਨਵੀਆਂ, ਵਡੇਰੀਆਂ ਅਤੇ ਉੱਚੀਆਂ ਪੁਲਾਂਘਾਂ ਪੁੱਟੀਆਂ ਹਨ।

ਪਲਸ ਮੰਚ ਨੇ ਸਾਹਿਤਕਾਰਾਂ, ਲੇਖਕਾਂ, ਬੁੱਧੀਜੀਵੀਆਂ ਅਤੇ ਰੰਗ-ਕਰਮੀਆਂ ਨੂੰ ਇਕ ਵਾਰ ਫੇਰ 'ਇਪਟਾ' ਦੇ ਦਿਨਾਂ ਦੀ ਯਾਦ ਤਾਜ਼ਾ ਕਰਾਈ। ਪਲਸ ਮੰਚ ਨੇ ਆਪ ਖੁਦ ਸਰਗਰਮੀਆਂ ਦੀਆਂ ਅਰੁਕ ਲੜੀਆਂ ਗੁੰਦੀਆਂ। ਇਸ ਸੰਸਥਾ ਦੀ ਇਹ ਵਿਲੱਖਣਤਾ ਹੈ ਕਿ ਇਹ ਵਿਸ਼ੇਸ਼ ਕਰਕੇ ਪੇਂਡੂ ਇਨਕਲਾਬੀ ਰੰਗਮੰਚ ਦੇ ਥੜ੍ਹੇ ਵਜੋਂ ਸਾਹਮਣੇ ਆਈ। ਇਸਦੀ ਸੂਬਾਈ ਸਮਰੱਥ ਆਗੂ ਟੀਮ ਉਭਰ ਕੇ ਅੱਗੇ ਆਈ। ਇਹ ਸੰਸਥਾ ਆਪਣੇ ਵਿੱਤੀ ਵਸੀਲੇ ਆਪਣੇ ਲੋਕਾਂ 'ਤੇ ਟੇਕ ਰੱਖ ਕੇ ਜੁਟਾਉਣ ਲੱਗੀ। ਪਲਸ ਮੰਚ ਨੇ ਸਿੱਧੇ/ਅਸਿੱਧੇ ਜਾਂ ਕਿਸੇ ਵੀ ਹੋਰ ਸ਼ਕਲ 'ਚ ਕਦੀ ਵੀ ਸਰਕਾਰੀ, ਨੀਮ ਸਰਕਾਰੀ, ਕਿਸੇ ਐਨ.ਜੀ.ਓ. ਕੋਈ ਕੰਪਨੀਆਂ ਆਦਿ ਦੀ ਇਸ਼ਤਿਹਾਰਬਾਜ਼ੀ ਆਦਿ ਜਾਂ ਕਿਸੇ ਵੀ ਰੂਪ 'ਚ ਕਦੇ ਕਾਣੀ ਕੌਡੀ ਹਾਸਲ ਨਹੀਂ ਕੀਤੀ।

ਇਹ ਸੰਸਥਾ ਆਪਣੇ ਐਲਾਨਨਾਮੇ ਦੀ ਰੌਸ਼ਨੀ 'ਚ ਆਪਣੇ ਲੋਕਾਂ ਉਪਰ ਭਰੋਸਾ ਅਤੇ ਟੇਕ ਰੱਖ ਕੇ ਚੱਲੀ। ਇਸ ਨੂੰ ਕਿਸੇ ਤਰ੍ਹਾਂ ਦੀ ਕਦੇ ਤੋਟ ਨਹੀਂ ਆਈ। ਪਲਸ ਮੰਚ ਨੇ ਇਨਕਲਾਬੀ ਗੀਤਾਂ ਦੀਆਂ ਆਡੀਓ ਕੈਸਿਟਾਂ ਦੀ ਮੁਹਿੰਮ ਛੇੜ ਦਿੱਤੀ। ਪਲਸ ਮੰਚ ਦੀਆਂ

ਇਕਾਈਆਂ, ਲੋਕ ਸੰਗੀਤ ਮੰਡਲੀ ਭਦੌੜ ਅਤੇ ਪੰਜਾਬ ਨਾਟਕ ਕਲਾ ਕੇਂਦਰ ਨੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਗੀਤਾਂ ਦੀਆਂ ਕੈਸਿਟਾਂ ਦੀ ਝੜੀ ਜਾਰੀ ਰੱਖੀ। ਪਲਸ ਮੰਚ ਦੀ ਪੱਤ੍ਰਿਕਾ 'ਸਰਦਲ' ਬਾਕਾਇਦਾ ਸਮੇਂ ਸਿਰ ਵਧਣ ਲੱਗੀ। ਇਸਦੇ ਸੰਪਾਦਕੀ ਬੋਰਡ 'ਚ ਨਵੇਂ ਅਤੇ ਪਰਪੱਕ ਚਿਹਰੇ ਜੁੜੇ। ਇਸਦੀਆਂ ਸ਼ਾਨਦਾਰ ਸਾਹਿਤਕ ਜਿਲਦਾਂ ਪੰਜਾਬੀ ਦੇ ਇਨਕਲਾਬੀ ਸਾਹਿਤ ਦੀ ਅਮੁੱਲੀ ਧਰੋਹਰ ਹਨ ਜਿਨ੍ਹਾਂ ਦੀਆਂ ਚੋਣਵੀਆਂ ਜਿਲਦਾਂ, ਗੁਰਸ਼ਰਨ ਭਾਅ ਜੀ ਨੂੰ ਸ਼ਰਧਾਂਜਲੀ ਵਜੋਂ ਪਾਠਕਾਂ ਤੱਕ ਪਹੁੰਚਾਉਣ ਲਈ ਯਤਨ ਜਾਰੀ ਹਨ।

ਪਲਸ ਮੰਚ ਉਸ ਦੌਰ 'ਚ ਸਾਹਿਤਕ/ਸਭਿਆਚਾਰਕ ਖੇਤਰ ਅੰਦਰ ਮਜ਼ਬੂਤ ਚੱਟਾਨ ਬਣ ਕੇ ਸਾਹਮਣੇ ਆਇਆ ਜਦੋਂ ਹਕੂਮਤੀ ਅਤੇ ਫਿਰਕੂ ਦਹਿਸ਼ਤਗਰਦੀ ਦੇ ਦੋਪਾਸੜ ਵਾਰ ਪੰਜਾਬ ਦੇ ਪਿੰਡੇ ਨੂੰ ਲੂਸ ਰਹੇ ਸਨ। ਉਸ ਦੌਰ 'ਚ ਨਾਟਕਾਂ ਦਾ ਮੰਚਨ ਕਰਨਾ, ਉਹ ਵੀ ਅਜਿਹੇ ਨਾਟਕਾਂ ਦਾ ਜਿਹੜੇ ਵੰਨ-ਸੁਵੰਨੇ ਹਾਕਮਾਂ ਅਤੇ ਖ਼ਾਲਿਸਤਾਨੀ ਦਹਿਸ਼ਤਗਰਦਾਂ ਦੋਨਾਂ ਲਈ ਚੁਣੌਤੀ ਬਣਦੇ ਸਨ ਇਹ ਕੋਈ ਰਵਾਇਤੀ ਜਾਂ ਸਾਧਾਰਨ ਸਾਹਿਤਕ/ਸਭਿਆਚਾਰਕ ਸਰਗਰਮੀ ਨਹੀਂ ਸੀ। ਇਹ ਪ੍ਰਤੀਬੱਧਤ ਅਤੇ ਨਿਹਚਾਵਾਨ ਸਭਿਆਚਾਰਕ ਕਾਮਿਆਂ ਦੇ ਹੀ ਕਰਨ ਗੋਚਰਾ ਕਾਰਜ ਸੀ ਜਿਹੜਾ ਉਨ੍ਹਾਂ ਨੇ ਮਿਸਾਲੀ ਅਤੇ ਮਾਣ-ਮੱਤੇ ਅੰਦਾਜ਼ 'ਚ ਜਾਰੀ ਰੱਖਿਆ। ਇਨ੍ਹਾਂ ਸਮਾਗਮਾਂ 'ਚ ਸਰਕਾਰੀ ਸੁਰੱਖਿਆ ਛਤਰੀ ਨਹੀਂ ਮੰਗੀ। ਨਾ ਪਲਸ ਮੰਚ ਦੇ ਆਗੂਆਂ ਅਤੇ ਰੰਗ-ਟੋਲੀਆਂ ਨੇ ਸੁਰੱਖਿਆ ਗਾਰਡ ਲਏ। ਨਾ ਹੀ ਪੁਲੀਸ ਅਤੇ ਸਿਵਲ ਅਧਿਕਾਰੀਆਂ ਤੋਂ ਫੀਤੇ ਕਟਾਉਣ, ਸ਼ਮ੍ਹਾਂ ਰੌਸ਼ਨ ਕਰਨ ਅਤੇ ਇਨਾਮ-ਸਨਮਾਨ ਅਦਾ ਕਰਨ ਦੇ ਕੰਮ ਕਰਵਾਏ।

ਪਲਸ ਮੰਚ ਦੀਆਂ ਸਟੇਜਾਂ, ਇਸਦੀ ਪੱਤ੍ਰਿਕਾ 'ਸਰਦਲ' ਅਤੇ ਇਸਦੀਆਂ ਕੈਸਿਟਾਂ ਆਦਿ ਵਿਚ ਕਿਸੇ ਵੀ ਖੂੰਜੇ ਜਿੰਨੇ ਥਾਂ 'ਤੇ ਕਦੇ ਹੁਕਮਰਾਨ ਪਾਰਟੀ ਜਾਂ ਵਿਰੋਧੀ ਹਾਕਮ ਧੜੇ ਨੂੰ ਪੈਰ ਨਹੀਂ ਧਰਨ ਦਿੱਤਾ।

ਪਲਸ ਮੰਚ ਦੇ ਐਲਾਨਨਾਮੇ ਉਪਰ ਸਾਬਤ ਕਦਮੀਂ ਪਹਿਰਾ ਦੇਣ ਲਈ ਪਲਸ ਮੰਚ ਦੀਆਂ ਸਰਗਰਮੀਆਂ ਮੌਕੇ ਵੀ ਇਸ ਮੰਚ ਨੂੰ ਕਿਸੇ ਵੀ ਰਾਜਨੀਤਕ ਪਾਰਟੀ/ਧੜੇ ਦਾ ਮੰਚ ਨਹੀਂ ਬਣਨ ਦਿੱਤਾ। ਇਸਦੀ ਆਪਣੀ ਖ਼ੁਦਮੁਖਤਾਰ ਕਾਰਜ-ਸ਼ੈਲੀ, ਜਮਹੂਰੀ ਅਮਲਦਾਰੀ ਦਾ ਹਮੇਸ਼ਾਂ ਸਤਿਕਾਰ ਕੀਤਾ ਗਿਆ। ਇਹ ਵੀ ਇਕ ਬੁਨਿਆਦੀ ਕਾਰਨ ਹੈ ਕਿ ਪਲਸ ਮੰਚ ਵਿਚ ਬੁੱਧੀਜੀਵੀ, ਸਾਹਿਤਕਾਰ, ਰੰਗ-ਕਰਮੀ ਅਤੇ ਕਿੰਨੇ ਹੀ ਸਭਿਆਚਾਰਕ ਕਾਮੇ ਆਪਣਾ ਸਭ ਕੁਝ ਪਲਸ ਮੰਚ ਦੇ ਐਲਾਨਨਾਮੇ ਅਤੇ ਵਿਧਾਨ ਨੂੰ ਮੰਨ ਕੇ ਸਰਗਰਮੀ ਨਾਲ ਕੰਮ ਕਰਦੇ ਰਹੇ ਹਨ। ਇਸਦੇ ਬਣਨ ਮੌਕੇ ਅਤੇ ਉਸ ਤੋਂ ਬਾਅਦ ਕਈ ਤਰ੍ਹਾਂ ਦੇ ਉਲਟੇ-ਰੁਖ਼ ਨਾਕਾਮ ਯਤਨ ਹੋਏ ਪਰ ਪਲਸ ਮੰਚ ਦੀ ਸਹੀ ਰੁਖ਼ ਸੇਧ ਨੇ ਮਾਣਯੋਗ ਪ੍ਰਾਪਤੀਆਂ ਦਾ ਇਤਿਹਾਸ ਸਿਰਜਿਆ।

ਗੁਰਸ਼ਰਨ ਭਾਅ ਜੀ ਦੀ ਰਹਿਨੁਮਾਈ 'ਚ ਹੀ ਪਲਸ ਮੰਚ ਨੇ ਸੂਬਾਈ, ਜ਼ਿਲ੍ਹਾ, ਸਥਾਨਕ ਅਤੇ ਪਿੰਡ ਪੱਧਰੀ ਸਮਾਗਮ ਕੀਤੇ। ਮੰਚ ਵੱਲੋਂ 1 ਮਈ ਕੌਮਾਂਤਰੀ ਮਜ਼ਦੂਰ ਦਿਹਾੜੇ 'ਤੇ ਪੰਜਾਬੀ ਭਵਨ, ਲੁਧਿਆਣਾ ਅਤੇ 25 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਸਾਲਾਨਾ ਯਾਦਗਾਰੀ ਇਤਿਹਾਸਕ ਸੂਬਾਈ ਸਭਿਆਚਾਰਕ ਸਮਾਗਮਾਂ ਦੀ ਲੜੀ ਪਿਛਲੇ 27 ਵਰ੍ਹੇ ਤੋਂ ਜਾਰੀ ਰੱਖੀ ਹੋਈ ਹੈ। ਇਹ ਸਮਾਗਮ ਸੰਗੀਨਾਂ ਅਤੇ ਏ.ਕੇ.

47 ਦੀ ਦੋਵੱਲੀ ਦਹਿਸ਼ਤਗਰਦੀ ਦੇ ਦੌਰ 'ਚ ਸਿਰਫ਼ ਜਾਰੀ ਹੀ ਨਹੀਂ ਰੱਖੇ ਗਏ ਸਗੋਂ ਵਡੇਰੀ ਹਾਜ਼ਰੀ 'ਚ ਅਤੇ ਧੜੱਲੇ ਨਾਲ ਹੁੰਦੇ ਰਹੇ। ਨਾਟਕਾਂ ਦੇ ਵਿਸ਼ੇ ਵੀ ਇਨ੍ਹਾਂ ਚੁਣੌਤੀਆਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਤੱਕਣ ਵਾਲੇ ਹੁੰਦੇ। ਆਮ ਆਦਮੀ ਇਨ੍ਹਾਂ ਦੋ-ਪਾਸੜ ਦਹਿਸ਼ਤਗਰਦ ਤਾਕਤਾਂ ਵਿਚ ਕਿਵੇਂ ਰਗੜਿਆ ਗਿਆ, ਉਸਦੇ ਹਕੀਕੀ ਮਸਲੇ ਕਿਵੇਂ ਮਸਲ ਦਿੱਤੇ ਗਏ, ਪਲਸ ਮੰਚ ਦੀ ਸਭਿਆਚਾਰਕ ਲਹਿਰ ਇਸ ਉਪਰ ਕੇਂਦਰਤ ਹੋਈ। ਲੱਚਰ, ਅਸ਼ਲੀਲ, ਬਿਮਾਰ, ਬਾਜ਼ਾਰੂ, ਅੰਧ-ਵਿਸ਼ਵਾਸੀ ਭਰੇ ਲੋਕ-ਵਿਰੋਧੀ ਸਭਿਆਚਾਰਕ ਪ੍ਰਦੂਸ਼ਣ ਦੇ ਮੁਕਾਬਲੇ ਹਕੀਕੀ ਅਰਥਾਂ 'ਚ ਸਿਹਤਮੰਦ, ਉਸਾਰੂ, ਵਿਗਿਆਨਕ, ਲੋਕ-ਪੱਖੀ ਅਤੇ ਇਨਕਲਾਬੀ ਸਭਿਆਚਾਰਕ ਲਹਿਰ ਉਸਾਰਨ ਵੱਲ ਅਹਿਮ ਪੁਲਾਂਘਾਂ ਪੁੱਟੀਆਂ ਗਈਆਂ। ਲੋਕਾਂ ਦੀ ਪੁੱਗਤ ਵਾਲੇ ਨਵੇਂ ਸਮਾਜ ਦੀ ਜਾਗਰਤੀ ਪੈਦਾ ਕਰਨ ਲਈ ਪਲਸ ਮੰਚ ਨੇ ਮਾਣਮੱਤੀ ਭੂਮਿਕਾ ਅਦਾ ਕੀਤੀ।

ਗੁਰਸ਼ਰਨ ਭਾਅ ਜੀ ਦੀ ਅੰਮ੍ਰਿਤਸਰ ਰਹਾਇਸ਼ਗਾਹ 'ਤੇ ਹੀ ਅਸੀਂ ਪਲਸ ਮੰਚ ਦੀ ਪਹਿਲੀ ਕੈਸਿਟ 'ਲੋਕ-ਪੱਖੀ ਗੀਤ' ਦੀ ਰਿਕਾਰਡਿੰਗ ਕੀਤੀ। ਨਾ ਜ਼ਿਆਦਾ ਖਰਚੇ, ਨਾ ਕੋਈ ਸਟੂਡੀਓ। ਘਰ ਹੀ ਐਮਪਲੀਫਾਇਰ ਅਤੇ ਰਿਕਾਰਡਿੰਗ ਪਲੇਅਰ ਲੈ ਆਂਦਾ। ਦੋ ਮਾਈਕ ਖੜ੍ਹੇ ਕੀਤੇ। ਇਕ-ਇਕ ਮਾਈਕ ਸ਼ਾਜ਼ਿੰਦਿਆਂ ਨੂੰ ਮਿਲਿਆ। 'ਹੋਮ ਲਾਈਵ ਰਿਕਾਰਡਿੰਗ' ਸ਼ੁਰੂ! ਸਟੂਡੀਓ ਵਾਂਗ ਨਾ ਕੋਈ ਟ੍ਰੈਕ। ਨਾ ਮਿਊਜ਼ਕ ਮਿਕਸਿੰਗ। ਨਾ ਆਡੀਟਿੰਗ। ਨਾ ਵਿਸ਼ੇਸ਼ ਪ੍ਰਭਾਵ ਸਿਰਜਣ ਦਾ ਮਾਮਲਾ। ਜੋ ਗਾਇਆ ਬਸ ਉਹ ਸੋਨੀ ਦੀ ਜ਼ਰਾ ਚੰਗੀ ਕੁਆਲਿਟੀ ਦੀ ਆਡੀਓ ਕੈਸਿਟ 'ਚ ਰਿਕਾਰਡ ਕਰ ਲਿਆ। ਉਸ ਤੋਂ ਬਣਨ ਲੱਗੀਆਂ ਕਾਪੀਆਂ। ਪੰਜਾਬ ਦਾ ਉਹ ਕਿਹੜਾ ਘਰ ਸੀ ਜਿੱਥੇ ਅਗਾਂਹਵਧੂ ਲੋਕ-ਪੱਖੀ ਸਾਹਿਤ/ਸਭਿਆਚਾਰ ਦੇ ਪ੍ਰੇਮੀਆਂ ਦੇ ਘਰ ਇਹ ਕੈਸਿਟ ਉਸ ਵੇਲੇ ਸੁਣਾਈ ਨਾ ਦਿੰਦੀ ਹੋਵੇ?

*ਲਹਿਰਾਂ ਬਣ ਉੱਠੋ ਭੁੱਖਾਂ ਦੇ ਲਿਤਾੜਿਓ*
*ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ*

ਕੌਮਾਂਤਰੀ ਗੀਤ ਨੇ ਪੰਜਾਬੀ ਸਭਿਆਚਾਰ ਦੇ ਖੇਤਰ 'ਚ ਨਵੀਂ ਵੰਨਗੀ ਦਾ ਰੰਗ ਭਰਿਆ:

*ਦਿੱਲੀ ਦੀ ਹਕੂਮਤੇ, ਨੀ ਲੋਕਾਂ ਦੀਏ ਵੈਰਨੇ*
*ਲੋਕ ਹੜ੍ਹ ਲੈ ਜੂਗਾ ਹੜ੍ਹਾ*
*ਜਾਗ ਪਏ ਨੇ ਲੋਕ ਹੁਣ, ਝੱਲਣੀ ਨਾ ਧੌਂਸ ਤੇਰੀ*
*ਕਾਲੇ ਤੂੰ ਕਾਨੂੰਨ ਲੈ ਬਣਾ*
*ਸੜਕ 'ਤੇ ਰੋੜੀ ਕੁੱਟ ਰਹੀਆਂ ਮੁਟਿਆਰਾਂ ਨੂੰ ਦੇਖੋ*
*ਮਹਿਲੀਂ ਰੰਗ ਮਨਾ ਰਹੀਆਂ ਉਨ੍ਹਾਂ ਨਾਰਾਂ ਨੂੰ ਦੇਖੋ*

ਲੋਕ ਸੰਗੀਤ ਮੰਡਲੀ ਭਦੌੜ ਦੀ ਪੇਸ਼ਕਸ਼ ਗਾਇਕੀ ਅਤੇ ਮਾਸਟਰ ਰਾਮ ਕੁਮਾਰ ਦੁਆਰਾ ਸੰਗੀਤਬੱਧ ਕੀਤੀ ਸਾਥੀ ਕ੍ਰਿਸ਼ਨ ਕੋਰਪਾਲ ਦੀ ਸ਼ਾਹਕਾਰ ਰਚਨਾ 'ਦੁੱਲੇ ਦੀ ਵਾਰ'

ਨੇ ਉੱਚ ਪਾਏ ਦੀ ਸੰਗੀਤਕ ਵੰਨਗੀ ਦਾ ਮੁਕਾਮ ਹਾਸਲ ਕੀਤਾ।

'ਵਿਦਰੋਹੀ ਗੀਤ', 'ਇਨਕਲਾਬੀ ਗੀਤ', 'ਸੰਗਰਾਮੀ ਗੀਤ', 'ਸਤਲੁਜ ਦਾ ਪੈਗ਼ਾਮ', 'ਕਿਰਨਾਂ ਦਾ ਕਾਫ਼ਲਾ', 'ਜ਼ਿੰਦਗੀ ਦੇ ਗੀਤ', 'ਜੱਟਾ ਤੇਰੀ ਜੂਨ ਬੁਰੀ', 'ਦਾਜ ਦੀ ਲਾਹਨਤ'।

ਹਰ ਛਿਮਾਹੀਂ ਵੇਲੇ ਤੋਂ ਵੇਲੇ ਸਾਲ ਦੇ ਵਕਫ਼ੇ ਦੇ ਅੰਦਰ-ਅੰਦਰ ਗੀਤਾਂ ਦੀ ਨਵੀਂ ਕੈਸਿਟ ਆਉਣ ਅਤੇ ਵੱਡੀ ਪੱਧਰ 'ਤੇ ਲੋਕਾਂ 'ਚ ਜਾਣ ਲੱਗੀ।

ਮਾਲਵੇ ਦੇ ਪਿੰਡਾਂ 'ਚ ਇਕ ਇਨਕਲਾਬੀ ਸਭਿਆਚਾਰ ਲਹਿਰ ਚੱਲੀ। ਦੁਆਬੇ ਦੇ ਕੁਝ ਖਿੱਤੇ ਵੀ ਕਾਫੀ ਪ੍ਰਭਾਵ ਹੇਠ ਆਏ। ਮਾਝੇ ਦੇ ਵੀ ਕੁਝ ਖੇਤਰਾਂ ਬਿਆਸ, ਬਾਬਾ ਬਕਾਲਾ, ਅੰਮ੍ਰਿਤਸਰ, ਸਠਿਆਲਾ, ਪੱਟੀ ਆਦਿ 'ਚ ਕਾਫੀ ਸਰਗਰਮੀਆਂ ਹੋਣ ਲੱਗੀਆਂ।

ਪਹਿਲੀ ਮਈ, 25 ਜਨਵਰੀ ਦੇ ਸਮਾਗਮਾਂ 'ਚ ਹਰ ਸਾਲ ਗੁਰਸ਼ਰਨ ਭਾਅ ਜੀ ਆਪਣੇ ਵੱਲੋਂ ਪਲਸ ਮੰਚ ਲਈ ਸਹਾਇਤਾ ਰਾਸ਼ੀ ਵੀ ਭੇਂਟ ਕਰਦੇ ਰਹੇ। ਇਸ ਤੋਂ ਇਲਾਵਾ ਵੀ ਪੰਜਾਬ ਅੰਦਰ ਰੰਗਮੰਚ ਉਸਾਰਨ, ਰੰਗ-ਟੋਲੀਆਂ ਦੀ ਨਿਰੰਤਰਤਾ ਲਈ, ਆਪਣੀ ਟੀਮ ਤੋਂ ਇਲਾਵਾ ਹੋਰਨਾਂ ਟੀਮਾਂ ਦੇ ਕਲਾਕਾਰਾਂ ਲਈ ਵਿਸ਼ੇਸ਼ ਮਦਦ ਵੀ ਕਰਦੇ ਰਹੇ, ਖਾਸ ਕਰਕੇ ਸਾਹਿਤਕਾਰਾਂ/ਸਭਿਆਚਾਰਕ ਕਾਮਿਆਂ ਦੇ ਕਿਸੇ ਦੁਖਦਾਈ ਹਾਦਸੇ ਜਾਂ ਮਹਿੰਗੇ ਇਲਾਜ ਮੌਕੇ ਸਦਾ ਹੀ ਉਨ੍ਹਾਂ ਦੀ ਝੋਲੀ ਉਨ੍ਹਾਂ ਕਲਾਕਾਰਾਂ/ਕਲਮਕਾਰਾਂ ਲਈ ਆਪਣੇ ਧੀਆਂ/ਪੁੱਤਰਾਂ ਵਾਂਗ ਹੀ ਖੁੱਲ੍ਹੀ ਰਹਿੰਦੀ। ਰੰਗਮੰਚ ਦੇ ਬਾਬਾ ਬੋਹੜ ਪ੍ਰਤੀਬੱਧਤ ਨਿਹਚਾਵਾਨ ਸਾਹਿਤਕ/ਸਭਿਆਚਾਰਕ ਲੋਕ-ਪੱਖੀ, ਇਨਕਲਾਬੀ ਧਾਰਾ ਦੇ ਭਰ ਵਗਦੇ ਦਰਿਆ, ਨਵੇਂ ਸਮਾਜ, ਨਵੇਂ ਰਾਜ, ਮਾਰਕਸੀ ਚਿੰਤਨ, ਇਨਕਲਾਬੀ ਸਮਾਜਕ ਤਬਦੀਲੀ ਲਈ ਠਾਠਾਂ ਮਾਰਦੇ ਸਾਗਰ; ਗੁਰਸ਼ਰਨ ਭਾਅ ਜੀ ਨੇ ਅਨੇਕਾਂ ਹੀਰੇ ਮੋਤੀ ਇਨਕਲਾਬੀ ਲਹਿਰ ਅਤੇ ਇਨਕਲਾਬੀ ਰੰਗਮੰਚ ਦੀ ਝੋਲੀ ਪਾਏ।

ਉਨ੍ਹਾਂ ਦੀ ਲੋਕ-ਮੁਖੀ ਇਨਕਲਾਬੀ ਸਭਿਆਚਾਰਕ ਲਹਿਰ ਦੀ ਹੀ ਇਹ ਵਡਿਆਈ ਸੀ ਕਿ ਪੰਜਾਬ ਦੀ ਇਨਕਲਾਬੀ ਜਮਹੂਰੀ, ਕਮਿਊਨਿਸਟ ਇਨਕਲਾਬੀ ਲਹਿਰ ਤੇ ਉਨ੍ਹਾਂ ਦੀ ਕਰਨੀ ਨੂੰ ਪਲਕਾਂ 'ਤੇ ਬਿਠਾਇਆ। ਅਣਗਿਣਤ ਅਵਾਮੀ ਜਥੇਬੰਦੀਆਂ ਉਨ੍ਹਾਂ ਦੇ ਰੰਗਮੰਚ ਨੂੰ ਲੋਕਾਂ ਤੱਕ ਲਿਜਾਣ ਲਈ ਦਹਾਕਿਆਂ ਬੱਧੀ ਪੱਬਾਂ ਭਾਰ ਰਹੀਆਂ। ਐਮਰਜੈਂਸੀ, ਦਿੱਲੀ 'ਚ ਸਿੱਖ ਫਿਰਕੇ ਦਾ ਚੋਣਵਾਂ ਕਤਲੇਆਮ, ਝੂਠੇ ਪੁਲੀਸ ਮੁਕਾਬਲਿਆਂ ਦਾ ਫਾਸ਼ੀ ਦੌਰ, ਪੰਜਾਬ ਅੰਦਰ ਦੋ-ਮੂੰਹੀ ਦਹਿਸ਼ਤਗਰਦੀ ਗੱਲ ਕੀ ਇੱਕ ਤੋਂ ਵਧ ਕੇ ਇੱਕ ਇਮਤਿਹਾਨੀ ਦੌਰ 'ਚ 'ਜੀਵਨ ਚਲਨੇ ਕਾ ਨਾਮ-ਚਲਤੇ ਰਹੋ ਸੁਬਹ ਸ਼ਾਮ' ਜੇਹੀ ਧੁਨ ਦਾ ਅਣਥੱਕ ਮੁਸਾਫ਼ਰ ਆਖਰੀ ਦਮ ਤੱਕ ਤੁਰਦਾ ਹੀ ਰਿਹਾ। ਨਵੇਂ ਇਨਕਲਾਬ ਲਈ। ਲੋਕਾਂ ਦੇ ਰਾਜ ਲਈ। ਕਿਰਤੀ ਦੀ ਸਰਦਾਰੀ ਲਈ। ਇਨਕਲਾਬੀ ਸਭਿਆਚਾਰਕ ਰੁੱਤ ਦੀਆਂ ਬਹਾਰਾਂ ਲਈ।

ਉਹ ਰੰਗਮੰਚ 'ਤੇ ਪੈਦਲ ਆਇਆ। ਭਾਰੇ ਥੈਲੇ ਸਸਤੇ ਸਾਹਿਤ ਦੇ ਭਰ ਕੇ ਬੱਸਾਂ ਰਾਹੀਂ ਆਇਆ। ਉਹ ਵੀਲ੍ਹ ਚੇਅਰ 'ਤੇ ਆਇਆ। ਉਹ ਰੰਗ-ਕਰਮੀਆਂ ਦੇ ਅੰਗ-ਸੰਗ ਰਿਹਾ। ਉਹਦੀ ਗਰਜ਼ਦੀ ਅਤੇ ਲਰਜ਼ਦੀ ਆਵਾਜ਼ ਕਦੇ ਨਹੀਂ ਮਰ ਸਕਦੀ। ਅਜੇਹੀਆਂ ਹਸਤੀਆਂ, ਅਜੇਹੇ ਚਿੰਨ੍ਹਾਂ, ਅਜੇਹੇ ਯੁੱਗ-ਪੁਰਸ਼ਾਂ ਲਈ ਸੁਰਜੀਤ ਪਾਤਰ ਦੀਆਂ ਸਤਰਾਂ ਇਉਂ ਮੁਖ਼ਾਤਬ ਹੁੰਦੀਆਂ ਹਨ:

*ਜਦੋਂ ਤਕ ਲਫ਼ਜ਼ ਜਿਉਂਦੇ ਨੇ*
*ਸੁਖਨਵਰ ਜਿਉਣ ਮਰ ਕੇ ਵੀ*
*ਉਹ ਕੇਵਲ ਜਿਸਮ ਹੁੰਦੇ ਨੇ*
*ਜੋ ਸਿਵਿਆਂ ਵਿਚ ਸਵਾਹ ਬਣਦੇ*

27 ਸਤੰਬਰ 2011 ਅੱਧੀ ਰਾਤ ਨੂੰ ਇਹ ਸੂਰਜ ਛਿਪਿਆ (ਡੁੱਬਿਆ ਨਹੀਂ), ਅੱਧੀ ਰਾਤ ਟੁੱਟਦਿਆਂ ਹੀ 28 ਸਤੰਬਰ ਦਾ ਮੁਖੜਾ ਚੁੰਮਦਾ ਸ਼ਹੀਦ ਭਗਤ ਸਿੰਘ ਜਨਮ ਲੈਂਦਾ ਹੈ। ਗੁਰਸ਼ਰਨ ਭਾਅ ਨੂੰ ਲੰਮੇਰਾ ਅਤੇ ਭਵਿੱਖ ਦੀਆਂ ਰੌਸ਼ਨ ਤਰੰਗਾਂ ਦੇ ਗੀਤ ਗਾਉਂਦਾ ਸੰਗਰਾਮੀ ਵਿਦਾਇਗੀ ਦਿੰਦਾ ਹੈ ਅਤੇ ਆਪਣੇ ਨਾਲ ਗੁਰਸ਼ਰਨ ਸਿੰਘ ਅਤੇ ਭਗਤ ਸਿੰਘ ਨੂੰ ਲੈ ਕੇ ਆਉਂਦਾ ਹੈ।

25 ਸੈਕਟਰ ਚੰਡੀਗੜ੍ਹ ਦੇ ਸ਼ਮਸ਼ਾਨ ਘਾਟ 'ਚ ਖੜ੍ਹੇ ਹੋ ਕੇ ਬੁੱਧੀਜੀਵੀ, ਨਾਟਕਕਾਰ, ਕਵੀ, ਲੇਖਕ, ਸਾਹਿਤਕਾਰ, ਜਮਹੂਰੀ ਇਨਕਲਾਬੀ ਲਹਿਰਾਂ ਦੇ ਆਗੂ, ਤਰਕਸ਼ੀਲ, ਸਭਿਆਚਾਰਕ ਕਾਮੇ, ਲੋਕ-ਜਥੇਬੰਦੀਆਂ ਦੇ ਜੁਝਾਰੂ, ਕਮਿਊਨਿਸਟ ਇਨਕਲਾਬੀ, ਗੁਰਸ਼ਰਨ ਸਿੰਘ ਦੇ ਪਰਿਵਾਰ, ਸਾਕ-ਸਨਬੰਧੀ ਖੜ੍ਹੇ ਹੋ ਕੇ ਅਹਿਦ ਲੈਂਦੇ ਹਨ:

> *"ਅਸੀਂ ਪੰਜਾਬ ਦੇ ਲੋਕਾਂ ਦੀ ਇਨਕਲਾਬੀ ਲਹਿਰ ਵੱਲੋਂ, ਗੁਰਸ਼ਰਨ ਸਿੰਘ ਦੀ ਇਨਕਲਾਬੀ ਜੀਵਨ ਘਾਲਣਾ ਨੂੰ ਸਲਾਮ ਕਰਦੇ ਹਾਂ।"*

ਅਸੀਂ ਮਾਣ ਮਹਿਸੂਸ ਕਰਦੇ ਹਾਂ ਕਿ ਗੁਰਸ਼ਰਨ ਸਿੰਘ ਦੀ ਘਾਲਣਾ ਸਦਕਾ ਸਾਡੇ ਸੁਪਨਿਆਂ ਦੀ ਲੋਅ ਜਗਦੀ ਹੈ। ਸਾਡੇ ਵਿਰਸੇ ਦਾ ਸੂਰਜ ਚਮਕਦਾ ਹੈ। ਸਾਡੇ ਸੰਘਰਸ਼-ਨਗਾਰੇ ਦੀ ਧਮਕ ਗੂੰਜਦੀ ਹੈ। ਸਾਡੇ ਭਵਿੱਖ ਦਾ ਝੰਡਾ ਲਹਿਰਾਉਂਦਾ ਹੈ ਅਤੇ ਲਹਿਰਾਉਂਦਾ ਰਹੇਗਾ।

ਸਾਨੂੰ ਮਾਣ ਹੈ ਕਿ ਗੁਰਸ਼ਰਨ ਸਿੰਘ ਦੀ ਕਲਾ ਦੀ ਪ੍ਰੇਰਨਾ ਸਾਡੇ ਦਿਲਾਂ 'ਚ ਧੜਕਦੀ ਹੈ; ਸਾਡੇ ਮੱਥਿਆਂ 'ਚ ਜਗਦੀ ਹੈ, ਸਾਡੇ ਨੈਣਾਂ 'ਚ ਬਲ਼ਦੀ ਹੈ, ਸਾਡੇ ਤਣੇ ਹੋਏ ਮੁੱਕਿਆਂ 'ਚ ਲਹਿਰਾਉਂਦੀ ਹੈ ਅਤੇ ਲਹਿਰਾਉਂਦੀ ਰਹੇਗੀ।

ਗੁਰਸ਼ਰਨ ਸਿੰਘ ਦੇ ਸਿਦਕ, ਨਿਹਚਾ, ਈਮਾਨ ਅਤੇ ਲੋਕ-ਹਿੱਤਾਂ ਨਾਲ ਉਸਦੀ ਵਫ਼ਾਦਾਰੀ ਦੀ, ਲੋਕਾਂ ਦੇ ਦੁਸ਼ਮਣਾਂ ਨੇ ਵਾਰ-ਵਾਰ ਪਰਖ ਕੀਤੀ ਹੈ। ਲਾਲਚ ਪਰੋਸ ਕੇ ਕੀਤੀ ਹੈ। ਜੇਲ੍ਹਾਂ ਦੀਆਂ ਸੀਖ਼ਾਂ ਪਿੱਛੇ ਡੱਕ ਕੇ ਕੀਤੀ ਹੈ। ਸਟੇਨਾਂ ਲਹਿਰਾ ਕੇ ਕੀਤੀ ਹੈ। ਲੋਕ-ਇਨਕਲਾਬ ਦੇ ਸੁਪਨੇ ਦਾ ਮਜ਼ਾਕ ਉਡਾ ਕੇ ਕੀਤੀ ਹੈ ਪਰ ਸਾਡੇ ਗੁਰਸ਼ਰਨ ਸਿੰਘ ਨੇ ਸਿਦਕ ਨਹੀਂ ਛੱਡਿਆ। ਯਕੀਨ ਨਹੀਂ ਹਾਰਿਆ। ਈਮਾਨ ਨਹੀਂ ਵੇਚਿਆ। ਵਫ਼ਾ ਨਹੀਂ ਬਦਲੀ।

ਅਸੀਂ ਉਨ੍ਹਾਂ ਦੀ ਵਿਦਾਇਗੀ ਸਮੇਂ ਅਹਿਦ ਕਰਦੇ ਹਾਂ ਕਿ ਅਸੀਂ ਗੂੜ੍ਹੀ ਲੋਅ ਨਾਲ ਚਮਕਦੇ ਲੋਕਾਂ ਦੀ ਲਹਿਰ ਦੇ ਇਸ ਸਿਤਾਰੇ ਦੀ ਘਾਲਣਾ ਨੂੰ ਕਦੇ ਨਹੀਂ ਭੁੱਲਾਂਗੇ। ਨਿਹਫ਼ਲ ਨਹੀਂ ਜਾਣ ਦਿਆਂਗੇ। ਲੋਕਾਂ ਦੀ ਲਹਿਰ ਅਤੇ ਲੋਕਾਂ ਦੀ ਕਲਾ ਦੇ ਰਿਸ਼ਤੇ ਨੂੰ ਹੋਰ ਗੂੜ੍ਹਾ ਕਰਾਂਗੇ। ਲੋਕ-ਸੰਗਰਾਮਾਂ ਦਾ ਕਾਫ਼ਲਾ ਹੋਰ ਵੱਡਾ ਕਰਾਂਗੇ। ਇਸਨੂੰ ਨਵੇਂ ਸਮਾਜ ਦੀ ਮੰਜ਼ਿਲ ਤੱਕ ਲੈ ਕੇ ਜਾਵਾਂਗੇ।

*"ਗੁਰਸ਼ਰਨ ਭਾਅ ਜੀ ਤੇਰਾ ਕਾਜ ਅਧੂਰਾ*
*ਲਾ ਕੇ ਜਿੰਦੜੀਆਂ ਕਰਾਂਗੇ ਪੂਰਾ!*
*ਗੁਰਸ਼ਰਨ ਭਾਅ ਜੀ – ਜ਼ਿੰਦਾਬਾਦ!*
*ਇਨਕਲਾਬ – ਜ਼ਿੰਦਾਬਾਦ!"*

ਪੰਜਾਬ ਹੀ ਨਹੀਂ, ਦੇਸ਼ ਦੇ ਹੀ ਨਹੀਂ, ਦੁਨੀਆਂ ਦੇ ਹਰ ਕੋਨੇ 'ਚ ਜਿਥੇ ਵੀ ਪੰਜਾਬੀ ਵੱਸਦੇ ਨੇ ਜਾਂ ਹੋਰਨਾਂ ਪ੍ਰਾਂਤਾਂ ਵਾਲੇ ਲੋਕ ਵੀ ਜਿਹੜੇ ਗੁਰਸ਼ਰਨ ਭਾਅ ਜੀ ਦੀ ਕਹਿਣੀ ਅਤੇ ਕਰਨੀ ਤੋਂ ਵਾਕਫ਼ ਨੇ ਉਨ੍ਹਾਂ ਅੰਦਰ ਗੁਰਸ਼ਰਨ ਭਾਅ ਜੀ ਦੇ ਵਿਗੋਚੇ ਅਤੇ ਸੱਖਣੇਪਣ ਦੀਆਂ ਤਰੰਗਾਂ ਨੇ ਹਲਚਲ ਪੈਦਾ ਕਰ ਦਿੱਤੀ। ਗੁਰਸ਼ਰਨ ਸਿੰਘ ਸ਼ਰਧਾਂਜਲੀ ਸਮਾਗਮ ਕਮੇਟੀ ਵੱਲੋਂ ਚੰਡੀਗੜ੍ਹ ਸ਼ਰਧਾਂਜਲੀ ਸਮਾਗਮ 'ਚ 2 ਅਕਤੂਬਰ ਨੂੰ ਹਜ਼ਾਰਾਂ ਲੋਕ ਜੁੜੇ। ਉਨ੍ਹਾਂ ਅਹਿਦ ਲਿਆ:

## *ਗੁਰਸ਼ਰਨ ਸਿੰਘ ਸ਼ਰਧਾਂਜਲੀ ਸਮਾਗਮ ਕਮੇਟੀ ਵੱਲੋਂ ਅਹਿਦ*

ਇਨਕਲਾਬੀ ਰੰਗਮੰਚ ਦੀ ਸ਼੍ਰੋਮਣੀ ਸ਼ਖ਼ਸੀਅਤ ਸ੍ਰੀ ਗੁਰਸ਼ਰਨ ਸਿੰਘ ਦੀ ਯਾਦ 'ਚ ਅੱਜ ਦਾ ਸ਼ਰਧਾਂਜਲੀ ਸਮਾਗਮ ਜਦੋਂ ਪ੍ਰੇਰਨਾ ਦਿਵਸ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ ਤਾਂ ਹਕੀਕੀ ਤੌਰ 'ਤੇ ਉਨ੍ਹਾਂ ਸਭਨਾਂ ਆਦਰਸ਼ਾਂ ਨੂੰ ਬੁਲੰਦ ਕਰਨ ਦਾ ਦਿਹਾੜਾ ਹੈ ਜਿਨ੍ਹਾਂ ਦੀ ਉੱਚਤਾ ਅਤੇ ਸੁੱਚਤਾ ਲਈ ਉਨ੍ਹਾਂ ਨੇ ਆਖ਼ਰੀ ਸਾਹ ਤੱਕ ਸਖ਼ਤ ਘਾਲਣਾ ਘਾਲੀ ਹੈ।

ਪ੍ਰੇਰਨਾ ਦਿਵਸ ਮੌਕੇ ਗੁਰਸ਼ਰਨ ਭਾਅ ਜੀ ਦੇ ਹੀ ਬੋਲਾਂ ਦਾ ਪਰਚਮ ਬੁਲੰਦ ਕਰਨ ਦਾ ਇਹ ਇਤਿਹਾਸਕ ਦਿਹਾੜਾ ਹੈ।

ਗੁਰਸ਼ਰਨ ਭਾਅ ਜੀ ਦਾ ਹਮੇਸ਼ਾਂ ਕਹਿਣਾ ਰਿਹਾ ਹੈ ਕਿ:

- ਆਜ਼ਾਦੀ : ਸਾਡੀ ਵਿਰਾਸਤ ਹੈ।
- ਸਮਾਜਵਾਦ ਲਈ ਸੰਘਰਸ਼ : ਸਾਡੀ ਸਿਆਸਤ ਹੈ।
- ਕਰਾਂਤੀ : ਸਾਡੀ ਇਬਾਦਤ ਹੈ।

ਸਾਹਿਤ, ਕਲਾ, ਸਭਿਆਚਾਰ, ਰੰਗਮੰਚ ਜਗਤ, ਲੋਕ-ਸੰਗਰਾਮ ਦੇ ਪਿੜ ਅਤੇ ਸਮਾਜਕ ਤਬਦੀਲੀ ਸੰਗ ਨਵੇਂ ਸਮਾਜ ਦੀ ਸਿਰਜਣਾ ਲਈ ਸਾਡੇ ਰਾਹ, ਸਾਡੇ ਸੁਪਨੇ, ਸਾਡੇ ਅਕੀਦੇ; ਗੁਰਸ਼ਰਨ ਭਾਅ ਜੀ ਦੀ ਇਸ ਸੋਚ-ਦ੍ਰਿਸ਼ਟੀ ਅਤੇ ਉਦੇਸ਼ਾਂ ਲਈ ਸਦਾ ਸਮਰਪਤ ਰਹਿਣਗੇ।

- ਪ੍ਰਤੀਬੱਧਤ ਰੰਗਮੰਚ ਦੇ ਸਦਾ ਦਗਦੇ ਅਤੇ ਮਘਦੇ ਰਹਿਣ ਵਾਲੇ ਸੂਰਜ ਗੁਰਸ਼ਰਨ ਸਿੰਘ ਨੇ ਹਮੇਸ਼ਾਂ ਸਮਾਜਕ ਬਰਾਬਰੀ ਲਈ ਸੰਗਰਾਮ ਜਾਰੀ ਰੱਖਣ ਦਾ ਸੱਦਾ ਦਿੱਤਾ।
- ਉਨ੍ਹਾਂ ਕਿਹਾ ਹੈ, ਸਮਾਜ ਦੇ ਫ਼ਿਕਰਾਂ ਦੀ ਬਾਂਹ ਫੜੋ। ਆਪਣੇ ਹਿੱਸੇ ਦੀ ਮਸ਼ਾਲ ਲੈ ਕੇ ਅੱਗੇ ਵਧੋ।
- ਉਨ੍ਹਾਂ ਹਮੇਸ਼ਾਂ ਦਲਿਤ ਵਰਗ ਦੀ ਮੁਕੰਮਲ ਮੁਕਤੀ ਲਈ ਆਵਾਜ਼ ਬੁਲੰਦ ਕੀਤੀ।

- ਉਨ੍ਹਾਂ ਹਮੇਸ਼ਾਂ ਔਰਤ ਵਰਗ ਦੀ ਮੁਕਤੀ ਅਤੇ ਬਰਾਬਰੀ ਦਾ ਹੋਕਾ ਦਿੱਤਾ।
- ਉਨ੍ਹਾਂ ਨੇ ਸਾਡੇ ਅੱਗੇ ਇਹ ਅਹਿਮ ਕਾਰਜ ਰੱਖਿਆ ਹੈ ਕਿ ਅਸੀਂ ਗ਼ਰੀਬ ਬੰਦੇ ਦਾ ਸਵੈ-ਮਾਣ ਅਤੇ ਅਣਖ ਜਗਾਉਣੀ ਹੈ ਅਤੇ ਵੱਡੇ ਨਾਢੂ ਖਾਂ ਕਹਾਉਂਦੇ ਬੰਦਿਆਂ ਦੀ ਟੈਂ ਮਿਟਾਉਣੀ ਹੈ।
- ਉਨ੍ਹਾਂ ਦਾ ਕਹਿਣਾ ਸਦਾ ਪੌਣਾਂ 'ਚ ਲਿਖਿਆ ਰਹੇਗਾ: ਜੇ ਨਾਟਕ ਨੇ ਸਟੇਟਮੈਂਟ ਨਹੀਂ ਦੇਣੀ, ਜੇ ਨਾਟਕ ਨੇ ਸਮਾਜ ਦਾ ਕੋਈ ਸੁਆਲ ਹੀ ਨਹੀਂ ਉਠਾਉਣਾ ਤਾਂ ਨਾਟਕ ਕਰਨਾ ਹੀ ਕਿਉਂ?
- 'ਕਲਾ ਲੋਕਾਂ ਲਈ' ਦੇ ਝੰਡਾ ਬਰਦਾਰ ਗੁਰਸ਼ਰਨ ਭਾਅ ਜੀ ਨੇ ਜਿਵੇਂ ਬੁੱਧੀਜੀਵੀ ਵਰਗ, ਸਾਹਿਤ, ਕਲਾ ਅਤੇ ਸਭਿਆਚਾਰ ਦੇ ਖੇਤਰ ਦੇ ਨਾਲ-ਨਾਲ ਸਮੂਹ ਦੱਬੇ-ਕੁਚਲੇ ਮਿਹਨਤਕਸ਼ ਲੋਕਾਂ ਅਤੇ ਉਨ੍ਹਾਂ ਦੀ ਮੁਕਤੀ ਲਈ ਸੰਘਰਸ਼ਸ਼ੀਲ ਲੋਕਾਂ ਦੀਆਂ ਲਹਿਰਾਂ ਦਾ ਫਰੇਰਾ ਅੰਤਿਮ ਪਲਾਂ ਤੱਕ ਅੰਬਰੀਂ ਉੱਚਾ ਲਹਿਰਾਇਆ ਹੈ; ਇਹੋ ਸਾਡਾ ਅਹਿਦ ਹੈ। ਇਹੋ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਸਨੂੰ ਉੱਚਾ, ਹੋਰ ਉੱਚਾ, ਹੋਰ ਉੱਚਾ ਉਠਾ ਕੇ ਚੱਲਣ ਲਈ ਆਪਾ ਸਮਰਪਤ ਕਰੀਏ।

ਦੇਸ਼-ਵਿਦੇਸ਼ ਵੱਸਦੇ ਗੁਰਸ਼ਰਨ ਭਾਅ ਜੀ ਦੇ ਸੰਗੀਆਂ-ਸਾਥੀਆਂ ਉਸ ਸੂਰਜ ਦੇ ਹਮਸਫ਼ਰਾਂ ਸਮੇਤ ਅੱਜ ਦੇ ਪੰਡਾਲ 'ਚ ਜੁੜੀ ਇਕੱਤਰਤਾ ਵੱਲੋਂ ਅਹਿਦ ਕਰਦੇ ਹਾਂ ਕਿ ਅਸੀਂ 27 ਸਤੰਬਰ ਦਾ ਦਿਹਾੜਾ : ਇਨਕਲਾਬੀ ਰੰਗਮੰਚ ਦਿਹਾੜੇ ਵਜੋਂ ਮਨਾਇਆ ਕਰਾਂਗੇ।

ਜਦੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਹੈ, ਭਾਅ ਜੀ ਦਾ ਜਿਸਮਾਨੀ ਤੌਰ 'ਤੇ ਵਿਦਾਇਗੀ ਦਿਹਾੜਾ ਅਤੇ ਸਦਾ ਸਾਡੇ ਦਿਲਾਂ 'ਚ ਵੱਸਦੇ ਅਤੇ ਧੜਕਦੇ ਰਹਿਣ ਦਾ ਦਿਹਾੜਾ ਹੈ। ਅਸੀਂ ਸ਼ਹੀਦ ਭਗਤ ਸਿੰਘ ਦੇ ਬੋਲ ਦੁਹਰਾਇਆ ਕਰਾਂਗੇ :

*ਹਵਾ ਮੇਂ ਰਹੇਂਗੀ ਹਮਾਰੇ ਖ਼ਿਆਲ ਕੀ ਬਿਜਲੀਆਂ*
*ਯਹ ਮੁਸ਼ਤੇ-ਖ਼ਾਕ ਹੈ ਫ਼ਾਨੀ, ਰਹੇ, ਰਹੇ, ਨਾ ਰਹੇ।*

2 ਅਕਤੂਬਰ 2011 ਵੱਲੋਂ ਗੁਰਸ਼ਰਨ ਸਿੰਘ ਸ਼ਰਧਾਂਜਲੀ ਸਮਾਗਮ ਕਮੇਟੀ

**ਨੋਟ:** 2 ਅਕਤੂਬਰ 2011, ਸੈਕਟਰ 34, ਚੰਡੀਗੜ੍ਹ ਸ਼ਰਧਾਂਜਲੀ ਸਮਾਗਮ 'ਚ ਗੁਰਸ਼ਰਨ ਸਿੰਘ ਸ਼ਰਧਾਂਜਲੀ ਸਮਾਗਮ ਕਮੇਟੀ ਵੱਲੋਂ ਅਮੋਲਕ ਸਿੰਘ ਦੁਆਰਾ ਪੜ੍ਹਿਆ ਗਿਆ।

ਇਸ ਉਪਰੰਤ ਨਾਟਕਾਂ ਦੀ, ਸਮਾਗਮਾਂ ਦੀ ਅਜੇਹੀ ਲੜੀ ਚੱਲੀ ਹੈ ਜਿੱਥੇ ਗੁਰਸ਼ਰਨ ਸਿੰਘ ਦੇ ਸੰਗਰਾਮੀ ਸਫ਼ਰ ਦੇ ਅਨੇਕਾਂ ਪੱਖਾਂ ਉਪਰ ਵਿਚਾਰਾਂ ਹੋਈਆਂ ਹਨ। ਅਗੇਰੇ ਤੁਰਨ ਦੇ ਅਹਿਦ ਹੋਏ ਹਨ। ਧਰਤੀ ਉਪਰ ਨਵੇਂ ਸਮਾਜ ਦਾ ਸੂਰਜ ਤੱਕਣ ਲਈ ਆਪਣਾ ਸਭ ਕੁਝ ਵਾਰਨ ਦੇ ਅਹਿਦ ਹੋਏ ਹਨ। ਇਹ ਲੜੀ ਬੇਹੱਦ ਲੰਮੀ ਹੈ। ਇਸ ਲੜੀ ਦੀਆਂ ਕੁੱਸਾ, ਮੋਗਾ, ਅੰਮ੍ਰਿਤਸਰ, ਬਠਿੰਡਾ, ਜਲੰਧਰ, ਚੰਡੀਗੜ੍ਹ, ਮੁੱਲਾਂਪੁਰ, ਬੋਹਾ, ਲੌਂਗੋਵਾਲ, ਪਟਿਆਲਾ, ਲਹਿਰਾਗਾਗਾ, ਲੁਧਿਆਣਾ ਅਨੇਕਾਂ ਥਾਵਾਂ ਹਨ। ਚੰਡੀਗੜ੍ਹ ਤੋਂ ਹੁਸੈਨੀਵਾਲਾ ਗੁਰਸ਼ਰਨ ਸਿੰਘ ਦੀਆਂ ਅਸਥੀਆਂ ਜਾਣ ਮੌਕੇ ਉਨ੍ਹਾਂ ਦੇ ਕਾਫ਼ਲੇ 'ਚ ਚੰਡੀਗੜ੍ਹ ਤੋਂ ਹੀ ਮਜ਼ਦੂਰ ਕਿਸਾਨ ਜਥੇਬੰਦੀਆਂ ਦੇ ਜਥੇ ਸ਼ਾਮਲ ਹੋਏ ਹਨ। ਇਹ ਜਥੇ 2 ਅਕਤੂਬਰ ਸ਼ਰਧਾਂਜਲੀ

ਸਮਾਗਮ ਉਪਰੰਤ ਚੰਡੀਗੜ੍ਹ ਹੀ ਰਾਤ ਰੁਕੇ ਰਹੇ। ਇਹ ਜਥੇ 3 ਅਕਤੂਬਰ ਨੂੰ ਅਸਥੀਆਂ ਵਾਲੇ ਕਾਫ਼ਲੇ ਨਾਲ ਰਵਾਨਾ ਹੋਏ। ਰਾਹਾਂ 'ਚ ਸਮਰਾਲਾ, ਲੁਧਿਆਣਾ, ਮੁੱਲਾਂਪੁਰ, ਅਜਿਤਵਾਲ, ਮੋਗਾ, ਫਿਰੋਜ਼ਪੁਰ, ਹੁਸੈਨੀਵਾਲਾ ਆਦਿ ਕਿੰਨੀਆਂ ਹੀ ਥਾਵਾਂ 'ਤੇ ਨੰਨ੍ਹੇ-ਮੁੰਨੇ ਬਾਲਾਂ, ਔਰਤਾਂ-ਮਰਦਾਂ, ਲੋਕ-ਜਥੇਬੰਦੀਆਂ ਨੇ ਫੁੱਲਾਂ ਦੀ ਵਰਖਾ ਕੀਤੀ। ਹੁਸੈਨੀਵਾਲੇ ਸ਼ਹੀਦੀ ਸਮਾਰਕ ਕੋਲ ਸ਼ਰਧਾਂਜਲੀਆਂ ਭੇਂਟ ਕੀਤੀਆਂ ਅਤੇ ਪਰਿਵਾਰ ਦੇ ਸੰਗ ਅਸਥੀਆਂ ਜਲ ਪ੍ਰਵਾਹ ਕੀਤੀਆਂ।

ਲੱਗਭਗ ਆਪਣੀ ਹਰ ਸਟੇਜ 'ਤੇ ਸ਼ਹੀਦ ਭਗਤ ਸਿੰਘ ਦੀ ਘੋੜੀ ਪੇਸ਼ ਕਰਨ ਵਾਲਾ ਸੂਰਮਾ ਸੰਗਰਾਮੀਆ ਨਾਟਕਕਕਾਰ ਅਤੇ ਇਨਕਲਾਬੀ ਨਿਧੜਕ ਜਰਨੈਲ ਆਪਣੇ ਅਤੀ ਪਿਆਰੇ ਸੰਗੀ ਸਾਥੀ ਦੇ ਮਿਸ਼ਨ ਦੀ ਪੂਰਤੀ ਲਈ ਅੰਤਿਮ ਦਮ ਤੱਕ ਜੂਝਦਾ ਹੋਇਆ ਸਾਡੇ ਕਾਫ਼ਲੇ 'ਚੋਂ ਜਿਸਮਾਨੀ ਤੌਰ 'ਤੇ ਵਿਛੜ ਗਿਆ।

ਸਾਡੇ ਸਭਨਾਂ ਲਈ ਢੇਰ ਸਾਰੇ ਸਵਾਲ ਅਤੇ ਜ਼ਿੰਮੇਵਾਰੀਆਂ ਪਿੱਛੇ ਛੱਡ ਗਿਆ। ਮਾਣਮੱਤੇ ਸਫ਼ਰ ਦਾ ਸਿਰਨਾਵਾਂ ਛੱਡ ਗਿਆ ਜਦੋਂ ਵਕਤ ਨੂੰ ਇਕ ਨਹੀਂ ਕਿੰਨੇ ਹੀ ਗੁਰਸ਼ਰਨ ਸਿੰਘ ਲੋੜੀਂਦੇ ਹਨ। ਅਜਿਹੇ ਮੌਕੇ ਸੱਖਣੇਪਣ ਦੇ ਪ੍ਰਸੰਗ 'ਚ ਵਕਤ ਸਾਨੂੰ ਸਭ ਨੂੰ ਆਵਾਜ਼ਾਂ ਮਾਰ ਰਿਹਾ ਹੈ।

ਗੁਰਸ਼ਰਨ ਭਾਅ ਜੀ ਦੀ ਧੀ ਨੇ ਚੰਡੀਗੜ੍ਹ ਸ਼ਰਧਾਂਜਲੀ ਸਮਾਗਮ 'ਤੇ ਬੋਲਦਿਆਂ ਜੋ ਕਿਹਾ, ਗੁਰਸ਼ਰਨ ਭਾਅ ਜੀ ਦੇ ਸਾਥੀ ਅਤੇ ਰਿਸ਼ਤੇਦਾਰ ਡਾ. ਅਤੁਲ ਨੇ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਸੰਬੋਧਤ ਕਰਦਿਆਂ ਜੋ ਕਿਹਾ ਉਹ ਸਾਡਾ ਸਭ ਦਾ ਧਿਆਨ ਖਿੱਚਦਾ ਹੈ। ਸਾਡੇ ਸਿਰ ਵਡੇਰੀ ਜ਼ਿੰਮੇਵਾਰੀ ਪਾਉਂਦਾ ਹੈ।

**ਉਨ੍ਹਾਂ ਕਿਹਾ ਕਿ, "ਆਪਣਾ ਸਭ ਦਾ ਇਹ ਕਹਿਣਾ ਠੀਕ ਹੈ ਕਿ 'ਗੁਰਸ਼ਰਨ ਭਾਅ ਜੀ ਕਿਤੇ ਨਹੀਂ ਗਏ, ਭਾਅ ਜੀ ਸਾਡੇ ਦਿਲਾਂ 'ਚ ਨੇ।' ਪਰ ਇਹ ਵੀ ਹਕੀਕਤ ਹੈ ਕਿ ਗੁਰਸ਼ਰਨ ਸਿੰਘ ਹੁਣ ਸਾਡੇ ਦਰਮਿਆਨ ਨਹੀਂ ਰਹੇ। ਹੁਣ ਸੋਚੋ! ਕੀ ਕਰਨਾ ਹੈ?**

ਅਸਲ ਸੁਆਲਾਂ ਦਾ ਸੁਆਲ ਇਹ ਹੈ ਕਿ ਉਨ੍ਹਾਂ ਦੀ ਖ਼ਾਲੀ ਥਾਂ ਨੂੰ ਕਿਵੇਂ ਭਰਨਾ ਹੈ। ਇਹ ਖ਼ਾਲੀ ਥਾਂ ਕੋਈ ਅਹੁਦਾ ਨਹੀਂ। ਇਹ ਖ਼ਾਲੀ ਥਾਂ ਕੋਈ ਕੁਰਸੀ ਨਹੀਂ। ਇਹ ਖ਼ਾਲੀ ਥਾਂ ਕਿਸੇ ਧਨ-ਰਾਸ਼ੀ ਦੇ ਵਾਰਸ ਹੋਣ ਵਾਲੀ ਵੀ ਨਹੀਂ। ਇਹ ਖ਼ਾਲੀ ਥਾਂ ਗੁਰੂ ਅਤੇ ਚੇਲੇ ਵਾਲੀ ਵੀ ਨਹੀਂ। ਇਹ ਖ਼ਾਲੀ ਥਾਂ ਰਵਾਇਤੀ ਤੌਰ 'ਤੇ ਕਿਸੇ ਸਿਰ ਪਗੜੀ ਧਰਨ ਵਾਲੀ ਵੀ ਨਹੀਂ। ਇਹ ਸੱਚ ਹੈ ਕਿ ਵਡੇਰੇ ਖ਼ਲਾਅ ਵਾਲੀ ਥਾਂ ਖ਼ਾਲੀ ਹੋਈ ਹੈ। ਉਹ ਜਦੋਂ ਤੁਰਦੇ ਸਨ ਤਾਂ ਰਾਹ ਬਣਦੇ ਸਨ। ਅਜੋਕੀਆਂ ਚੁਣੌਤੀਆਂ ਹਰ ਸੰਸਥਾ ਤੋਂ, ਹਰ ਵਿਅਕਤੀ ਤੋਂ ਗੁਰਸ਼ਰਨ ਸਿੰਘ ਦੀ ਜੀਵਨ-ਸ਼ੈਲੀ ਦੀ ਮੰਗ ਕਰਦੀਆਂ ਹਨ। ਗੁਰਸ਼ਰਨ ਸਿੰਘ ਦੇ ਰੰਗਮੰਚ ਵਾਲੀ ਵਿਧਾ ਦੀ ਮੰਗ ਕਰਦੀਆਂ ਹਨ। ਗੁਰਸ਼ਰਨ ਸਿੰਘ ਵਾਲੀ ਸਿਧਾਂਤਕ, ਵਿਚਾਰਧਾਰਕ, ਰਾਜਨੀਤਕ, ਸਮਾਜਕ, ਸਭਿਆਚਾਰਕ, ਮਨੋਵਿਗਿਆਨਕ ਸੂਝ-ਬੂਝ, ਪ੍ਰਪੱਕਤਾ, ਨਿਹਚੇ ਅਤੇ ਅਮਲਦਾਰੀ ਦੀ ਮੰਗ ਕਰਦੀਆਂ ਹਨ ਜਦੋਂ ਰੰਗਮੰਚ ਉਪਰ ਵਿਸ਼ਵੀਕਰਨ, ਉਦਾਰੀਕਰਣ, ਨਿੱਜੀਕਰਣ, ਖਪਤ ਸਭਿਆਚਾਰ ਦੇ ਝੱਖੜ ਝੁੱਲ ਰਹੇ ਹਨ। ਜਦੋਂ ਆਧੁਨਿਕ ਮੀਡੀਏ ਰਾਹੀਂ ਵਿਸ਼ੇਸ਼ ਕਰਕੇ ਚੜ੍ਹਦੀ ਜੁਆਨੀ ਨੂੰ ਮੰਤਰਮੁਗਧ ਕੀਤਾ ਜਾ ਰਿਹੈ। ਜਦੋਂ ਰੰਗਮੰਚ ਦੀਆਂ ਟੀਮਾਂ ਨੂੰ ਅਨੇਕਾਂ ਤਰ੍ਹਾਂ ਦੀਆਂ ਮਹੀਨ ਡੋਰਾਂ ਨਾਲ ਪਟੜੀ ਤੋਂ ਲਾਹੁਣ

ਲਈ ਧੂਹਿਆ ਜਾ ਰਿਹਾ ਹੈ।

ਇਸ ਹਨੇਰੀ ਦੇ ਖ਼ਿਲਾਫ ਇਨਕਲਾਬੀ, ਲੋਕ-ਪੱਖੀ ਸਭਿਆਚਾਰ ਦੀ ਮਸ਼ਾਲ ਲੈ ਕੇ ਸਾਬਤ ਕਦਮੀਂ ਤੁਰਨਾ ਹੋਏਗਾ।

ਸੰਸਾਰ ਭਰ 'ਚ, ਸਾਡੇ ਮੁਲਕ 'ਚ ਅਤੇ ਸਾਡੇ ਖਿੱਤੇ ਪੰਜਾਬ ਅੰਦਰ ਜੋ ਚੌਤਰਫ਼ਾ ਹੱਲਾ ਲੋਕਾਂ ਉਪਰ ਵਿੱਢਿਆ ਗਿਆ ਹੈ। ਜੋ ਹਾਲਾਤ ਸਾਡੇ ਸਾਹਿਤਕ/ਸਭਿਆਚਾਰਕ ਖੇਤਰ ਦੇ ਹਕੀਕੀ ਤੌਰ 'ਤੇ ਬਣੇ ਖੜ੍ਹੇ ਹਨ ਇਹ ਗੁਰਸ਼ਰਨ ਸਿੰਘ ਵਰਗੇ ਨਿਹਚੇ, ਧੜੱਲੇ ਅਤੇ ਸਦਾ ਸਫ਼ਰ 'ਤੇ ਰਹਿਣ ਦੀ ਮੰਗ ਕਰਦੇ ਹਨ। ਪਲਸ ਮੰਚ ਦੀ ਉਸਾਰੀ ਨਾਲੋਂ ਵੀ, ਉਸ ਦੀ ਤਿੰਨ ਦਹਾਕਿਆਂ ਦੀ ਅਮਲਦਾਰੀ ਨਾਲੋਂ ਵੀ ਕਿਤੇ ਚੁਣੌਤੀ ਭਰਪੂਰ ਹਨ। ਕਿਤੇ ਵੱਧ ਸਾਜ਼ਗਾਰ ਹਨ। ਚਾਰ-ਚੁਫੇਰਾ ਲੋਕਾਂ ਦੇ ਪ੍ਰਤੀਬੱਧਤ ਸਾਹਿਤਕ/ਸਭਿਆਚਾਰਕ ਕਾਮਿਆਂ ਨੂੰ ਆਵਾਜ਼ਾਂ ਮਾਰ ਰਿਹਾ। ਕਿਰਤੀ, ਕਿਸਾਨ, ਵਿਦਿਆਰਥੀ, ਨੌਜਵਾਨ, ਬੇਰੁਜ਼ਗਾਰ ਔਰਤਾਂ, ਹੱਥੀਂ ਧੰਦਾ ਕਰਨ ਵਾਲੇ ਕਾਮੇ, ਛੋਟੇ ਦੁਕਾਨਦਾਰ ਸੰਘਰਸ਼ ਦੇ ਰਾਹ ਹਨ। ਆਦਿਵਾਸੀ ਜਾਗ ਉਠੇ ਹਨ। ਹਾਕਮ ਝੂਠੇ ਪੁਲੀਸ ਮੁਕਾਬਲੇ ਰਚਣ, ਰੰਗ-ਕਰਮੀਆਂ ਨੂੰ ਫਾਹੇ ਟੰਗਣ ਅਤੇ ਬੁੱਧੀਜੀਵੀਆਂ ਨੂੰ ਮਰਨ ਵਰਤ ਲਈ ਮਜਬੂਰ ਕਰ ਰਹੇ ਹਨ।

ਲੋੜ ਹੈ ਮੁਲਕ ਭਰ ਦੇ ਕਲਮਕਾਰ, ਸਾਹਿਤਕਕਾਰ, ਸਭਿਆਚਾਰਕ ਖੇਤਰ ਦੇ ਕਾਮੇ ਸੰਸਥਾਗਤ ਰੂਪ 'ਚ ਬਦਲਵੇਂ ਇਨਕਲਾਬੀ ਸਭਿਆਚਾਰਕ ਮੁਹਾਜ਼ ਲਈ ਜੋਟੀਆਂ ਪਾ ਕੇ ਮੈਦਾਨ 'ਚ ਨਿਤਰਨ। ਗੁਰਸ਼ਰਨ ਭਾਅ ਜੀ ਦੀ ਯਾਦ 'ਚ 27 ਸਤੰਬਰ ਦੇ ਹਰ ਵਰ੍ਹੇ ਮਨਾਏ ਜਾਣ ਵਾਲੇ ਇਨਕਲਾਬੀ ਪੰਜਾਬੀ ਰੰਗਮੰਚ ਦਿਹਾੜੇ ਤੱਕ ਸੀਮਤ ਨਾ ਰਹਿਣ ਸਗੋਂ ਆਪਣੀ ਜ਼ਿੰਦਗੀ ਦਾ ਹਰ ਦਿਹਾੜਾ, ਹਰ ਪਲ ਗੁਰਸ਼ਰਨ ਸਿੰਘ ਦੇ ਸੁਪਨਿਆਂ ਦੇ ਨਵੇਂ ਲੋਕ-ਪੱਖੀ ਸਮਾਜ ਲਈ ਸਮਰਪਤ ਕਰਨ ਲਈ ਅੱਗੇ ਆਉਣ।